ਡਿਜੀਟਲ ਦੋਮਾਹੀ ਪੱਤਰ ਅੰਕ : 1, ਨੰ: 2 (ਸਤੰਬਰ - ਅਕਤੂਬਰ, 2020)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol 1, No 2, (September-October, 2020) 'PASHU PALAN SUNEHE' ਅੰਕ 1, ਨੰ 2 (ਸਤੰਬਰ - ਅਕਤੂਬਰ, 2020)

**ਸੰਪਾਦਕੀ ਬੋਰਡ**

**ਚੇਅਰਮੈਨ :**

ਡਾ. ਹਰੀਸ਼ ਕੁਮਾਰ ਵਰਮਾ

ਨਿਰਦੇਸ਼ਕ ਪਸਾਰ ਸਿੱਖਿਆ

**ਮੈਂਬਰ :**

ਡਾ. ਸੁਰੇਸ਼ ਕੁਮਾਰ ਕਾਂਸ਼ਲ

ਡਾ. ਮੀਰਾ ਡੀ ਆਂਸਲ

ਡਾ. ਪ੍ਰਲਾਦ ਸਿੰਘ ਤਨਵਰ

ਡਾ. ਐਸ ਸ਼ਿਵਾ ਕੁਮਾਰ

**ਸੰਪਾਦਕ :**

ਡਾ. ਰਾਕੇਸ਼ ਕੁਮਾਰ ਸ਼ਰਮਾ

ਡਾ. ਜਸਵਿੰਦਰ ਸਿੰਘ

ਡਾ. ਹਰਪ੍ਰੀਤ ਸਿੰਘ

**ਸੰਪਰਕ :**

ਨਿਰਦੇਸ਼ਾਲਾ ਪਸਾਰ ਸਿੱਖਿਆ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼, ਯੂਨੀਵਰਸਿਟੀ ਲੁਧਿਆਣਾ

0161-2553364

deegadvasuldh@gmail.com

Visit & Subscribe - youTube channel :
gadvasu farmer friendly e-extension

## ਵੈਟਨਰੀ ਯੂਨੀਵਰਸਿਟੀ ਵਿਖੇ ਕੈਬਨਿਟ ਮੰਤਰੀ ਸਾਹਿਬਾਨ ਵੱਲੋਂ ਕੋਵਿਡ-19 ਨਿਰੀਖਣ ਪ੍ਰਯੋਗਸ਼ਾਲਾ ਦਾ ਉਦਘਾਟਨ






ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਨਵੀਂ ਸਥਾਪਿਤ ਕੀਤੀ ਕੋਵਿਡ-19 ਵਿਸ਼ਾਣੂ ਨਿਰੀਖਣ ਪ੍ਰਯੋਗਸ਼ਾਲਾ ਦਾ ਉਦਘਾਟਨ ਮਿਤੀ 10 ਅਗਸਤ 2020 ਨੂੰ ਕੀਤਾ ਗਿਆ। ਡਾ. ਜਤਿੰਦਰਪਾਲ ਸਿੰਘ ਗਿੱਲ, ਨਿਰਦੇਸ਼ਕ ਖੋਜ ਅਤੇ ਪ੍ਰਯੋਗਸ਼ਾਲਾ ਦੇ ਮੁੱਖ ਅਧਿਕਾਰੀ ਨੇ ਕਿਹਾ ਕਿ ਭਾਰਤੀ ਮੈਡੀਕਲ ਖੋਜ ਪਰਿਸ਼ਦ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਾਅਦ ਇਸ ਪ੍ਰਯੋਗਸ਼ਾਲਾ ਵਿੱਚ ਨਮੂਨਿਆਂ ਦੀ ਜਾਂਚ ਹੋ ਰਹੀ ਹੈ। ਸ਼੍ਰੀ ਓ ਪੀ ਸੋਨੀ, ਕੈਬਨਿਟ ਮੰਤਰੀ, ਮੈਡੀਕਲ ਸਿੱਖਿਆ ਅਤੇ ਖੋਜ ਤੇ ਸ਼੍ਰੀ ਭਾਰਤ ਭੂਸ਼ਣ ਆਸ਼ੂ, ਕੈਬਨਿਟ ਮੰਤਰੀ, ਫੂਡ, ਸਿਵਲ ਸਪਲਾਈਜ਼ ਅਤੇ ਉਪਭੋਗਤਾ ਮਾਮਲੇ ਅਤੇ ਹੋਰ ਸਿਰਮੌਰ ਸ਼ਖ਼ਸੀਅਤਾਂ ਨੇ ਇਸ ਪ੍ਰਯੋਗਸ਼ਾਲਾ ਦਾ ਉਦਘਾਟਨ ਕਰਕੇ ਇਹ ਪੰਜਾਬ ਰਾਜ ਵਸਨੀਕਾਂ ਨੂੰ ਸਮਰਪਿਤ ਕੀਤੀ।

ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ, ਵੈਟਨਰੀ ਯੂਨੀਵਰਸਿਟੀ ਨੇ ਇਸ ਮੌਕੇ ਨੂੰ ਵਿਸ਼ੇਸ਼ ਦੱਸਦਿਆਂ ਕਿਹਾ ਕਿ ਪ੍ਰਯੋਗਸ਼ਾਲਾ ਦੇ ਕਾਰਜਸ਼ੀਲ ਹੋਣ ਨਾਲ ਕੋਵਿਡ-19 ਦੀ ਜਾਂਚ ਵਿੱਚ ਤੇਜ਼ੀ ਆਵੇਗੀ, ਇਹ ਸਮੇਂ ਦੀ ਜ਼ਰੂਰਤ ਹੈ ਅਤੇ ਇਸ ਨਾਲ ਅਸੀਂ ਬਿਮਾਰੀ ਨੂੰ ਸਹੀ ਢੰਗ ਨਾਲ ਕਾਬੂ ਕਰਨ ਵਿੱਚ ਸਮਰੱਥ ਹੋ ਸਕਾਂਗੇ। ਉਨ੍ਹਾਂ ਨੇ ਇਸ ਪ੍ਰਯੋਗਸ਼ਾਲਾ ਦੀ ਸਥਾਪਨਾ ਸੰਬੰਧੀ ਮੁੱਖ ਮੰਤਰੀ, ਸੰਬੰਧਿਤ ਮੰਤਰੀ ਸਾਹਿਬਾਨ, ਅਧਿਕਾਰੀਆਂ, ਉਪ-ਕੁਲਪਤੀ, ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਅਤੇ ਵੈਟਨਰੀ ਪੇਸ਼ੇਵਰਾਂ ਦੇ ਅਣਥੱਕ ਯਤਨਾਂ ਪ੍ਰਤੀ ਆਪਣਾ ਆਭਾਰ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪ੍ਰਯੋਗਸ਼ਾਲਾ ਵਿੱਚ ਕੰਮ ਕਰਨ ਵਾਲੇ ਵਿਗਿਆਨੀਆਂ ਅਤੇ ਕਰਮਚਾਰੀਆਂ ਦੀ ਸੇਵਾ ਨੂੰ ਰਾਸ਼ਟਰ ਸਦਾ ਯਾਦ ਰੱਖੇਗਾ।

ਸ਼੍ਰੀ ਓ ਪੀ ਸੋਨੀ, ਕੈਬਨਿਟ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਵੈਟਨਰੀ ਯੂਨੀਵਰਸਿਟੀ ਦੀ ਇਸ ਪ੍ਰਯੋਗਸ਼ਾਲਾ ਦੇ ਨਾਲ ਤਿੰਨ ਹੋਰ ਪ੍ਰਯੋਗਸ਼ਾਲਾਵਾਂ, ਦੋ ਸਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਅਤੇ ਇੱਕ ਜਲੰਧਰ ਵਿਖੇ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਕਿ ਹੁਣ ਟੈਸਟਾਂ ਦੀ ਗਿਣਤੀ ਵਿੱਚ ਰੋਜ਼ਾਨਾ 4000 ਦੇ ਕਰੀਬ ਇਜ਼ਾਫ਼ਾ ਹੋ ਜਾਵੇਗਾ। ਸ਼੍ਰੀ ਭਾਰਤ ਭੂਸ਼ਣ ਆਸ਼ੂ, ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਲੁਧਿਆਣਾ ਜ਼ਿਲ੍ਹੇ ਵਾਸਤੇ ਬੜੀ ਮਹੱਤਵਪੂਰਨ ਗੱਲ ਹੈ ਕਿਉਂਕਿ ਅਸੀਂ ਹੁਣ ਟੈਸਟਾਂ ਦੀ ਨਤੀਜੇ ਬੜੀ ਛੇਤੀ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਾਂਗੇ। ਸ਼੍ਰੀ ਡੀ ਕੇ ਤਿਵਾੜੀ, ਆਈ ਏ ਐਸ, ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਨੇ ਕਿਹਾ ਕਿ ਵੈਟਨਰੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਇਸ ਤੋਂ ਪਹਿਲਾਂ ਵੀ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਕੋਵਿਡ ਨਿਰੀਖਣ ਸੰਬੰਧੀ ਬਹੁਤ ਸ਼ਾਨਦਾਰ ਕਾਰਗੁਜ਼ਾਰੀ ਵਿਖਾਈ ਸੀ। ਸ਼੍ਰੀ ਮਨਪ੍ਰੀਤ ਸਿੰਘ ਛਤਵਾਲ ਵਿਸ਼ੇਸ਼ ਸਕੱਤਰ, ਪਸ਼ੂ ਪਾਲਣ ਵਿਭਾਗ ਨੇ 'ਇੱਕ ਵਿਸ਼ਵ ਇੱਕ ਸਿਹਤ' ਦੇ ਸੰਕਲਪ ਵਿੱਚ ਵੈਟਨਰੀ ਪੇਸ਼ੇਵਰ ਆਪਣਾ ਦਾਇਰਾ ਵਸੀਹ ਕਰਦੇ ਹੋਏ ਮਨੁੱਖੀ ਸਿਹਤ ਦੇ ਖੇਤਰ ਵਿੱਚ ਵਿਸ਼ੇਸ਼ ਕਾਰਗੁਜ਼ਾਰੀ ਦਰਜ ਕਰ ਰਹੇ ਹਨ। ਡਾ. ਰਾਜ ਬਹਾਦਰ, ਉਪ-ਕੁਲਪਤੀ, ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੇ ਕਿਹਾ ਕਿ ਇਸ ਪ੍ਰਯੋਗਸ਼ਾਲਾ ਤੋਂ ਉਨ੍ਹਾਂ ਨੂੰ ਬਹੁਤ ਉਮੀਦਾਂ ਹਨ। ਸ਼੍ਰੀ ਵਰਿੰਦਰ ਕੁਮਾਰ ਸ਼ਰਮਾ, ਡਿਪਟੀ ਕਮਿਸ਼ਨਰ ਲੁਧਿਆਣਾ ਨੇ ਪ੍ਰੋਯਗਸ਼ਾਲਾ ਦੀ ਕਾਰਜ ਵਿਧੀ ਵੇਖੀ ਅਤੇ ਉਸਦੀ ਸ਼ਲਾਘਾ ਕੀਤੀ।

ਡਾ. ਰਮਨੀਕ, ਡਾ. ਏ ਕੇ ਅਰੋੜਾ ਅਤੇ ਡਾ. ਰਾਮ ਸਰਨ ਸੇਠੀ ਦੀ ਗਤੀਸ਼ੀਲਤਾ ਵਿੱਚ ਸਾਇੰਸਦਾਨਾਂ ਅਤੇ ਕਰਮਚਾਰੀਆਂ ਦੀ ਪੂਰੀ ਟੀਮ ਬੜੀ ਮਿਹਨਤ ਅਤੇ ਨਿਪੁੰਨਤਾ ਨਾਲ ਇਸ ਪ੍ਰਯੋਗਸ਼ਾਲਾ ਲਈ ਕੰਮ ਕਰ ਰਹੀ ਹੈ। ਇਸ ਮੌਕੇ ਤੇ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਗਈਆਂ ਸਾਰੀਆਂ ਸਹੂਲਤਾਂ, ਉਤਪਾਦਾਂ, ਪ੍ਰਕਾਸ਼ਨਾਵਾਂ ਅਤੇ ਤਕਨਾਲੋਜੀਆਂ ਨੂੰ ਇੱਕ ਪ੍ਰਦਰਸ਼ਨੀ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਗਿਆ ਜਿਸ ਨੂੰ ਆਏ ਹੋਏ ਮੁਹਤਬਰਾਂ ਅਤੇ ਮਹਿਮਾਨਾਂ ਨੇ ਬਹੁਤ ਸਰਾਹਿਆ।

## ਲਵੇਰੀ ਦੀ ਦੁੱਧ ਪੈਦਾ ਕਰਨ ਦੀ ਯੋਗਤਾ ਉੱਪਰ ਅਸਰ ਪਾਉਣ ਵਾਲੇ ਪਹਿਲੂ





# ਪਸ਼ੂਆਂ ਵਿੱਚ ਚਿੱਚੜ ਅਤੇ ਪਿੱਸੂ



ਹਰਕੀਰਤ ਸਿੰਘ ਅਤੇ ਐਨ.ਕੇ.ਸਿੰਘ
ਪਸ਼ੂ ਪਰਜੀਵੀ ਵਿਗਿਆਨ ਵਿਭਾਗ

## ਚਿੱਚੜ

### ਆਮ ਮਿਲਣ ਵਾਲੇ ਚਿੱਚੜ

- ਬੂਫਿਲੱਸ ਮਾਈਕਰੋਪਲੱਸ: ਮੂੰਹ ਛੋਟਾ ਤੇ ਚਾਲ ਸੁਸਤ ਹੁੰਦੀ ਹੈ
- ਹਾਇਆਲੋਮਾ ਐਨਾਟੋਲੀਕਮ: ਮੂੰਹ ਲੰਬਾ ਹੁੰਦਾ ਹੈ ਤੇ ਚਾਲ ਤੇਜ਼ ਹੁੰਦੀ ਹੈ
- ਇਹ ਚਪਟੇ (ਉੱਪਰੋਂ-ਹੇਠਾਂ) ਪਰਜੀਵੀ ਹੁੰਦੇ ਹਨ
- ਇਹ ਦਰਮਿਆਨੇ ਤੋਂ ਵੱਡੇ ਆਕਾਰ ਦੇ ਪਰਜੀਵੀ ਹੁੰਦੇ ਹਨ ਤੇ ਮਾਦਾ ਚਿੱਚੜ 1-2 ਸੈਂਟੀਮੀਟਰ ਤੱਕ ਹੋ ਸਕਦੀ ਹੈ।

### ਪ੍ਰਭਾਵਿੱਤ ਜਾਨਵਰ

- ਗਾਵਾਂ, ਮੱਝਾਂ, ਘੋੜੇ ਅਤੇ ਕੁੱਤੇ
- ਵਿਦੇਸ਼ੀ ਅਤੇ ਦੋਗਲੀ ਨਸਲ ਦੀਆਂ ਗਾਵਾਂ ਅਤੇ ਕਮਜ਼ੋਰ ਪਸ਼ੂਆਂ ਵਿੱਚ ਇਨ੍ਹਾਂ ਦਾ ਪ੍ਰਕੋਪ ਜ਼ਿਆਦਾ ਦੇਖਣ ਨੂੰ ਮਿਲਦਾ ਹੈ।

### ਕਿੱਥੇ ਮਿਲਦੇ ਹਨ

- ਪਸ਼ੂ ਦੇ ਪੂਛ ਦੀ ਜੜ੍ਹ ਥੱਲੇ, ਚੱਡੇ ਉੱਪਰ, ਲੱਤਾਂ ਦੇ ਅੰਦਰਵਾਰ, ਪੂਛ ਦੇ ਵਾਲਾਂ ਵਿੱਚ ਅਤੇ ਕੰਨਾਂ ਦੇ ਪਿੱਛੇ ਸ਼ੈੱਡ/ਖੁਰਲੀ/ਪਸ਼ੂ ਦੇ ਬੰਨਣ ਵਾਲੀ ਥਾਂ, ਸ਼ੈੱਡ ਵਿਚਲੀਆਂ ਵਿੱਥਾਂ/ਤਰੇੜਾਂ/ਮੋਰੀਆਂ ਵਿੱਚ ਬਹੁਤੇਰੀ ਮਾਤਰਾ ਵਿੱਚ ਹੁੰਦੇ ਹਨ।

### ਪਸ਼ੂਆਂ ਨੂੰ ਨੁਕਸਾਨ

- ਖੂਨ ਚੂਸਦੇ ਹਨ ਜਿਸ ਕਾਰਣ ਖੂਨ ਦੀ ਘਾਟ ਅਤੇ ਚਮੜੀ ਦੀ ਸੋਜਿਸ਼ ਪੈਦਾ ਹੋ ਜਾਂਦੀ ਹੈ।
- ਚਿੱਚੜ ਦੁਧਾਰੂਆਂ ਵਿੱਚ ਥਲੇਰੀਆ (ਕੰਨੇਡੂ ਰੋਗ), ਬਬੇਸੀਆ (ਲਹੂ ਮੂਤਣਾ) ਅਤੇ ਐਨਾਪਲਾਜ਼ਿਮਾ (ਪੀਲੀਆ ਰੋਗ) ਨਾਂ ਦੀਆਂ ਬਿਮਾਰੀਆਂ ਦੇ ਪਰਜੀਵੀ ਫੈਲਾਉਂਦੇ ਹਨ।
- ਕਈ ਤਰ੍ਹਾਂ ਦੇ ਵਿਸ਼ਾਣੂ ਅਤੇ ਕੀਟਾਣੂ ਰੋਗ ਵੀ ਫੈਲਾਉਂਦੇ ਹਨ।
- ਜਾਨਵਰ ਦੀ ਦੁੱਧ ਉਤਪਾਦਨ ਦੀ ਸਮਰੱਥਾ ਵੀ ਘੱਟ ਜਾਂਦੀ ਹੈ।
  ਚਮੜੀ ਦੇ ਖਰਾਬ ਹੋ ਜਾਣ ਕਾਰਣ ਬਾਜਾਰ ਵਿੱਚ ਉਸਦੀ ਕੀਮਤ ਵੀ ਘੱਟ ਜਾਂਦੀ ਹੈ।

### ਰੋਚਕ ਤੱਥ

- ਚਿੱਚੜਾਂ ਦੀਆਂ 8 ਲੱਤਾਂ ਹੁੰਦੀਆਂ ਹਨ
- ਨਰ ਅਤੇ ਮਾਦਾ ਦੋਵੇਂ ਹੀ ਖੂਨ ਚੂਸਦੇ ਹਨ
- ਮਾਦਾ ਅਪਣੇ ਜੀਵਨ ਕਾਲ ਵਿੱਚ ਲੁਕਵੀਆਂ ਥਾਵਾਂ ਵਿੱਚ ਹਜਾਰਾਂ ਅੰਡੇ ਦਿੰਦੀ ਹੈ ਤੇ ਮਰ ਜਾਂਦੀ ਹੈ।
- ਮਾਦਾ ਖੂਨ ਚੂਸ ਕੇ ਵੱਡੇ ਆਕਾਰ ਦੀ ਹੋ ਜਾਂਦੀ ਹੈ ਜਿਸ ਨੂੰ ਪਸ਼ੂ ਪਾਲਕ ਚਿੱਚੜ ਕਹਿੰਦੇ ਹਨ ਤੇ ਨਰ ਛੋਟੇ ਆਕਾਰ ਦਾ ਹੀ ਰਹਿੰਦਾ ਹੈ ਜਿਸਨੂੰ ਚਿੱਚੜੀ ਵੀ ਕਿਹਾ ਜਾਂਦਾ ਹੈ।
- ਗਰਮੀ ਤੇ ਜਿਆਦਾ ਨਮ੍ਹੀ ਵਾਲੇ ਮਹੀਨੇ ਮਾਰਚ ਤੋਂ ਸਤੰਬਰ ਤੱਕ ਚਿੱਚੜਾਂ ਦੀ ਭਰਮਾਰ ਰਹਿੰਦੀ ਹੈ

## ਪਿੱਸੂ

### ਆਮ ਮਿਲਣ ਵਾਲੇ ਪਿੱਸੂ

- ਟੀਨੋਸੀਫੈਲਾਈਡੱਸ ਕੈਨਿੱਸ
- ਟੀਨੋਸੀਫੈਲਾਈਡੱਸ ਫੈਲਿੱਸ
- ਇਹ ਚਪਟੇ (ਤਿਰਛੇ ਪਾਸੇ ਤੋਂ) ਪਰਜੀਵੀ ਹੁੰਦੇ ਹਨ।
- ਇਹ ਛੋਟੇ ਆਕਾਰ (1-8 ਮਿਲੀਮੀਟਰ) ਦੇ ਪਰਜੀਵੀ ਹੁੰਦੇ ਹਨ।

### ਪ੍ਰਭਾਵਿੱਤ ਜਾਨਵਰ

- ਕੁੱਤੇ, ਬਿੱਲੀਆਂ, ਗਾਵਾਂ, ਮੁਰਗੀਆਂ, ਭੇਡਾਂ, ਬੱਕਰੀਆਂ, ਸੂਰ ਅਤੇ ਘੋੜੇ
- ਬਿਮਾਰ ਅਤੇ ਕਮਜ਼ੋਰ ਪਸ਼ੂਆਂ ਵਿੱਚ ਇਨ੍ਹਾਂ ਦਾ ਪ੍ਰਕੋਪ ਜ਼ਿਆਦਾ ਦੇਖਣ ਨੂੰ ਮਿਲਦਾ ਹੈ

### ਕਿੱਥੇ ਮਿਲਦੇ ਹਨ

- ਪਿੱਸੂ ਪਸ਼ੂਆਂ ਦੇ ਸ਼ੈਡਾਂ/ ਤਬੇਲਿਆਂ ਖਾਸਕਰ ਜਿੱਥੇ ਸੁੱਕੇ ਵਿਛਾਉਣੇ ਜਿਵੇਂ ਕਿ ਤੂੜੀ, ਲੱਕੜ ਦਾ ਬੁਰਾਦਾ ਜਾਂ ਰੇਤ ਵਰਤੀ ਜਾਂਦੀ ਹੋਵੇ, ਉੱਥੇ ਵਿਕਸਿੱਤ ਹੋ ਜਾਂਦੇ ਹਨ

### ਪਸ਼ੂਆਂ ਨੂੰ ਨੁਕਸਾਨ

- ਪਿੱਸੂ ਦੇ ਕੱਟਣ ਕਾਰਣ ਪਸ਼ੂਆਂ ਵਿੱਚ ਐਲਰਜੀ, ਤੀਬਰ ਖੁਰਕ ਅਤੇ ਤਣਾਅ ਪੈਦਾ ਹੁੰਦਾ ਹੈ
- ਗੰਭੀਰ ਮਾਮਲਿਆਂ ਵਿੱਚ ਖੁਰਕ ਕਾਰਨ ਜ਼ਖ਼ਮ ਬਣ ਜਾਂਦੇ ਹਨ ਜਿੰਨ੍ਹਾਂ ਵਿੱਚ ਲਾਗ ਵੀ ਲੱਗ ਸਕਦੀ ਹੈ ਤੇ ਖੂਨ ਦੀ ਘਾਟ ਹੋ ਜਾਂਦੀ ਹੈ, ਜਾਨਵਰ ਦਾ ਭਾਰ ਅਤੇ ਉਤਪਾਦਨ ਸਮਰੱਥਾ ਵੀ ਘੱਟ ਜਾਂਦੀ ਹੈ
- ਗੰਭੀਰ ਮਾਮਲਿਆਂ ਵਿੱਚ ਬੱਕਰੀਆਂ, ਲੇਲਿਆਂ ਜਾਂ ਵੱਛਿਆਂ ਦੀ ਮੌਤ ਵੀ ਹੋ ਸਕਦੀ ਹੈ
  ਕਈ ਤਰ੍ਹਾਂ ਦੇ ਵਿਸ਼ਾਣੂ, ਕੀਟਾਣੂ ਅਤੇ ਪਰਜੀਵੀ ਰੋਗ ਵੀ ਫੈਲਾਉਂਦੇ ਹਨ

### ਰੋਚਕ ਤੱਥ

- ਪਿੱਸੂਆਂ ਦੀਆਂ 6 ਲੱਤਾਂ ਹੁੰਦੀਆਂ ਹਨ
- ਪਿੱਸੂ ਦਾ ਜੀਵਨ ਚੱਕਰ ਮੌਸਮ ਦੀ ਸਥਿਤੀ ਦੇ ਅਧਾਰ ਤੇ ਲਗਭਗ 30 ਦਿਨਾਂ ਵਿੱਚ ਪੂਰਾ ਹੋ ਜਾਂਦਾ ਹੈ
- ਮਾਦਾ ਪਿੱਸੂ ਜੀਵਨ ਕਾਲ ਵਿੱਚ ਪਸ਼ੂ ਉੱਪਰ ਸੈਂਕੜੇ ਅੰਡੇ ਦਿੰਦੀ ਹੈ ਜੋ ਕਿ ਬਾਅਦ ਵਿੱਚ ਪਸ਼ੂਆਂ ਦੇ ਵਿਛਾਉਣੇ ਵਿੱਚ ਗਿਰ ਜਾਂਦੇ ਹਨ ਤੇ ਆਪਣਾ ਜੀਵਨ ਚੱਕਰ ਪੂਰਾ ਕਰਦੇ ਹਨ
  ਪਿੱਸੂ ਇੱਕ ਜਾਨਵਰ ਤੋਂ ਦੂਸਰੇ ਤੇ ਛਾਲਾਂ ਮਾਰ ਕੇ ਪਹੁੰਚ ਜਾਂਦੇ ਹਨ

## ਰੋਕਥਾਮ

- ਸਿਫਾਰਸ਼ ਸ਼ੁਦਾ ਦਵਾਈਆਂ ਪਸ਼ੂ ਚਕਿਤਸਕ ਦੀ ਸਲਾਹ ਅਤੇ ਨਿਗਰਾਨੀ ਹੇਠ ਹੀ ਵਰਤਣੀਆਂ ਚਾਹੀਦੀਆਂ ਹਨ ਤੇ ਦਵਾਈਆਂ ਦਾ ਉਪਯੋਗ ਲੇਬਲ ਉੱਪਰ ਦੱਸੀ ਮਾਤਰਾ ਅਨੁਸਾਰ ਹੀ ਕਰੋ।
- ਸ਼ੈੱਡ/ਖੁਰਲੀ/ਪਸ਼ੂ ਦੇ ਬੰਨਣ ਵਾਲੀ ਥਾਂ ਦੀ ਸਾਫ ਸਫਾਈ, ਸ਼ੈੱਡ ਵਿਚਲੀਆਂ ਦਰਜਾਂ/ਵਿੱਥਾਂ/ਤਰੇੜਾਂ/ਮੋਰੀਆਂ ਨੂੰ ਟੀਪ ਕਰਨਾ/ਭਰਨਾ ਕਿਉਂਕਿ ਚਿੱਚੜ ਇਸ ਵਿੱਚ ਛੁਪੇ ਰਹਿੰਦੇ ਹਨ
- ਪਿੱਸੂਆਂ ਦੀ ਰੋਕਥਾਮ ਲਈ ਜਾਨਵਰਾਂ ਦੇ ਬਿਸਤਰੇ ਅਤੇ ਆਰਾਮ ਕਰਨ ਵਾਲੀਆਂ ਹੋਰ ਸੰਭਵ ਥਾਵਾਂ ਤੇ ਵੀ ਕੀਟਨਾਸ਼ਕ ਦਵਾਈਆਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ
- ਪਸ਼ੂਆਂ ਨੂੰ ਪੱਕੇ ਥਾਂ ਤੇ ਬੰਨਣਾ ਚਾਹੀਦਾ ਹੈ ਤੇ ਜੇ ਸੰਭਵ ਹੋਵੇ ਤਾਂ ਗਾਵਾਂ ਅਤੇ ਮੱਝਾਂ ਨੂੰ ਅਲੱਗ ਥਾਂ ਤੇ ਰੱਖਣਾ ਚਾਹੀਦਾ ਹੈ
- ਪਸ਼ੂ ਦੀ ਚਮੜੀ ਦੀ ਸਫਾਈ ਬੁਰਸ਼ ਨਾਲ ਸਮੇਂ-ਸਮੇਂ ਤੇ ਕਰਨੀ ਚਾਹੀਦੀ ਹੈ
- ਪਸ਼ੂਆਂ ਦੇ ਸ਼ੈਡ ਵਿੱਚ ਮੁਰਗੀਆਂ ਰੱਖਣ ਨਾਲ ਵੀ ਕਾਫੀ ਫਾਇਦਾ ਹੋ ਸਕਦਾ ਹੈ ਕਿਉਂਕਿ ਇਹ ਚਮੜੀ ਅਤੇ ਹੇਠਾਂ ਡਿੱਗੀਆਂ ਚਿੱਚੜਾਂ ਨੂੰ ਖਾਣ ਲਈ ਕਾਫੀ ਸਹਾਇਕ ਹੁੰਦੀਆਂ ਹਨ
- ਨਿਯਮਤ ਤੌਰ 'ਤੇ ਪੁਰਾਣੇ ਤੇ ਗਿੱਲੇ ਵਿਛਾਉਣੇ ਨੂੰ ਨਵੇਂ ਤੇ ਸੁੱਕੇ ਵਿਛਾਉਣੇ ਨਾਲ ਬਦਲਦੇ ਰਹਿਣਾ ਚਾਹੀਦਾ ਹੈ
  ਪਸ਼ੂ ਨੂੰ ਚੰਗੀ ਖੁਰਾਕ ਦੇਣੀ ਚਾਹੀਦੀ ਹੈ, ਸ਼ੈਡਾਂ ਦੇ ਅੰਦਰ, ਆਲੇ ਦੁਆਲੇ ਅਤੇ ਜਾਨਵਰਾਂ ਦੀ ਸਾਫ ਸਫਾਈ ਰੱਖਣੀ ਚਾਹੀਦੀ ਹੈ

## ਪਸ਼ੂ ਦੀਆਂ ਪ੍ਰਜਾਤੀਆਂ ਦਾ ਸਰੀਰਕ ਤਾਪਮਾਨ

| ਲੜੀ ਨੰ: | ਪਸ਼ੂ ਦੀ ਜਾਤੀ | ਸਹੀ ਸਰੀਰਿਕ ਤਾਪਮਾਨ (°C) | ਲੜੀ ਨੰ: | ਪਸ਼ੂ ਦੀ ਜਾਤੀ | ਸਹੀ ਸਰੀਰਿਕ ਤਾਪਮਾਨ (°C) |
|---|---|---|---|---|---|
| 1 | ਗਾਂ (ਲਵੇਰੀ) | 37.8-39.2 | 7 | ਸੂਰ | 37.8-38.9 |
| 2 | ਵਛੜੂ | 38.5-39.8 | 8 | ਸੂਰ ਦਾ ਬੱਚਾ | 38.9-40.0 |
| 3 | ਘੋੜਾ | 37.2.38.0 | 9 | ਛੋਟਾ ਕੁੱਤਾ | 38.6-39.2 |
| 4 | ਵਛੇਰਾ | 37.5-38.5 | 10 | ਵੱਡਾ ਕੁੱਤਾ | 37.5-38.6 |
| 5 | ਭੇਡ | 38.9-40.0 | 11 | ਬਿੱਲੀ | 37.8-39.2 |
| 6 | ਬੱਕਰੀ | 38.6-40.2 | 12 | ਮੁਰਗੀ | 41.7 |

ਚਿੱਚੜ ਅਤੇ ਪਿੱਸੂ ਤੇ ਕਾਬੂ ਪਾਓ, ਤੇ ਪਸ਼ੂਆਂ ਤੋਂ ਪੈਦਾਵਾਰ ਵਧਾਓ।

# ਦੁੱਧ ਪਦਾਰਥਾਂ ਰਾਹੀਂ ਵਿਟਾਮਿਨ ਏ ਦਾ ਸੇਵਨ

**ਐਸ ਸਿਵਾਕੁਮਾਰ ਅਤੇ ਰੇਖਾ ਚਾਵਲਾ**

**ਡੇਅਰੀ ਤਕਨਾਲੋਜੀ ਕਾਲਜ**

ਵਿਟਾਮਿਨ ਏ- ਇੱਕ ਅਜਿਹਾ ਵਿਟਾਮਿਨ ਹੈ ਜਿਹੜਾ ਮਨੁੱਖੀ ਜੀਵਨ ਲਈ ਗੁਣਾਂ ਦਾ ਸਰੋਤ ਹੈ, ਅੱਜ ਸਾਡੀ ਰੋਜ ਮਰਹਾਂ ਦੀ ਜਿੰਦਗੀ, ਸਾਡੇ ਖਾਣ ਪੀਣ ਦੇ ਢੰਗ ਕਾਰਨ ਘੱਟ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਜਾ ਰਿਹਾ ਹੈ। ਇਹ ਸਿਰਫ ਅੱਖਾਂ ਦੀ ਨਿਗਾਹ ਵਾਸਤੇ ਹੀ ਨਹੀ, ਸਗੋਂ ਚੰਗੀ ਚਮੜੀ ਤੇ ਸਰੀਰਕ ਪ੍ਰਤੀਰੋਧਕ (Immunity) ਬਣਾਉਣ ਲਈ ਵੀ ਬਹੁਤ ਕਾਰਗਾਰ ਹੈ। ਬਹੁਤ ਤਰ੍ਹਾਂ ਦੇ ਕੁਦਰਤੀ ਸਰੋਤਾਂ ਜਿਵੇਂ ਕਿ ਅੰਬ, ਸ਼ਕਰਕੰਦੀ, ਕੱਦੂ, ਗਾਜਰਾਂ, ਤੋ ਇਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ ਦੁੱਧ, ਅੰਡੇ ਅਤੇ ਮੱਛੀ ਦਾ ਤੇਲ ਨੂੰ ਵਿਟਾਮਿਨ ਏ ਲਈ ਬਹੁਤ ਵਧੀਆ ਸ੍ਰੋਤ ਮੰਨਿਆ ਗਿਆ ਹੈ। ਸਾਡੇ ਸਰੀਰਕ ਢਾਚੇ ਨੂੰ ਅਨੁਸਾਰ, ਅਤੇ ਉਮਰ ਨੂੰ ਧਿਆਨ 'ਚ ਰੱਖਦਿਆਂ ਵਿਟਾਮਿਨ ਏ ਦੀ ਲੋੜੀਦੀ ਮਾਤਰਾ ਹਰ ਵਰਗ ਲਈ ਵੱਖਰੀ ਹੁੰਦੀ ਹੈ। ਖਾਸਕਰ ਗਰਭਵਤੀ ਇਸਤਰੀਆਂ ਅਤੇ ਬੱਚੇ ਨੂੰ ਦੁੱਧ ਦੇਣ ਸਮੇਂ ਵਿਟਾਮਿਨ ਏ ਦੀ ਮਾਤਰਾ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਕਿਉਕਿ ਇਹ ਅਸੀ ਕੁਦਰਤੀ ਸਰੋਤਾ ਤੋ ਪ੍ਰਾਪਤ ਕਰ ਸਕਦੇ ਹਾਂ, ਜਰੂਰੀ ਹੋ ਜਾਂਦਾ ਹੈ ਕਿ ਅਸੀ ਇਸ ਦਾ ਭਰਪੂਰ ਸੇਵਨ ਕਰੀਏ। ਇਸਦੀ ਮਹੱਤਤਾਂ ਨੂੰ ਧਿਆਨ 'ਚ ਰੱਖਦਿਆਂ ਕਾਲਜ ਆਫ ਡੇਅਰੀ ਸਾਇੰਸ ਵਿਖੇ ਇੱਕ ਖੋਜ ਅਨੁਸਾਰ ਬਹੁਤ ਤਰ੍ਹਾਂ ਦੇ ਕੁਦਰਤੀ ਸਰੋਤਾਂ ਦੀ ਚੋਣ ਕਰਨ ਤੋ ਬਾਅਦ ਲੱਸੀ ਵਿਚ ਇਹਨਾਂ ਦਾ ਅਧਿਅਨ ਕੀਤਾ ਗਿਆ। ਕੁਝ ਖਾਸ ਫਲ ਜਿਹੜੇ ਵਿਟਾਮਿਨ ਏ ਦਾ ਭਰਪੂਰ ਸਰੋਤ ਹਨ, ਉਹਨਾਂ ਫਲਾਂ ਦਾ ਗੁੱਦਾ ਪਾ ਕੇ ਬਹੁਤ ਹੀ ਗੁਣਕਾਰੀ ਲੱਸੀ ਬਣਾਈ ਜਾ ਸਕਦੀ ਹੈ, ਜਿਹੜੇ ਹਰ ਵਰਗ ਦੇ ਲੋਕਾਂ ਲਈ ਸਿਹਤਮੰਦ ਹੈ। ਦੁੱਧ ਪਦਾਰਥਾਂ ਦੇ ਰੂਪ ਵਿਚ ਇਸਦੀ ਗੁਣਵੰਤਾ ਹੋਰ ਵਧੇਰੇ ਹੋ ਜਾਂਦੀ ਹੈ ਜਿਸ ਨੂੰ ਵੱਡੇ ਪੱਧਰ ਦੇ ਬਣਾ ਕੇ ਵੀ ਮੁਨਾਫਾ ਕਮਾਈਆ ਜਾ ਸਕਦਾ ਹੈ।

ਵਿਟਾਮਿਨ ਏ ਲੱਸੀ: ਲੱਸੀ ਬਣਾਉਣ ਲਈ ਚੰਗੇ ਨਤੀਜਿਆਂ ਲਈ ਵੱਖ ਵੱਖ ਮਾਤਰਾ ਵਿਚ ਗਾਜਰ, ਅੰਬ ਅਤੇ ਖੁਰਮਾਨੀ ਦੇ ਗੁੱਦੇ ਦਾ ਇਸਤੇਮਾਲ ਕੀਤਾ ਗਿਆ, ਜਿਸ ਵਿਚ 10% ਗਾਜਰ ਤੇ 7.5 % ਖੁਰਮਾਨੀ ਅਤੇ ਅੰਬ ਦਾ ਗੁੱਦਾ ਪਾਇਆ ਗਿਆ। ਇਸ ਲੱਸੀ ਦਾ ਸੁਆਦ ਵੀ ਰਿਵਾਅਤੀ ਲੱਸੀ ਨਾਲੋ ਵੱਧ ਪਾਇਆ ਗਿਆ ਅਤੇ ਵਿਟਾਮਿਨ ਏ ਦੇ ਦਰ ਅਨੁਸਾਰ 200 ਮਿ.ਲੀ ਲੱਸੀ ਦਾ ਸੇਵਨ ਕਰਨ ਨਾਲ 15-17% ਵਿਟਾਮਿਨ ਏ ਦੀ ਰੋਜਾਨਾ ਦੀ ਲੋੜੀਦੀ ਮਾਤਰਾ ਨੂੰ ਪੂਰਾ ਕੀਤਾ ਜਾ ਸਕਦਾ ਹੈ। ਕਿਉਕਿ ਹਮੇਸ਼ਾ ਮੌਸਮੀ ਫਲਾਂ ਦਾ ਉਪਯੋਗ ਕਰਨ ਨਾਲ ਇਸ ਤਰ੍ਹਾਂ ਦੀ ਲੱਸੀ ਨੂੰ ਬਣਾਉਣ ਵਿਚ ਖਰਚਾ/ਲਾਗਤ ਵੀ ਘੱਟ ਆਉਂਦੀ ਹੈ ਤੇ ਬਿਨ੍ਹਾਂ ਕਿਸੇ ਬਹੁਤ ਮਿਹਨਤ ਕੀਤੀਆਂ ਵਿਟਾਮਿਨ ਏ ਨੂੰ ਆਪਣੀ ਰੋਜਾਨਾ ਜਿੰਦਗੀ ਵਿਚ ਅਪਨਾਇਆ ਜਾ ਸਕਦਾ ਹੈ।

## ਸਾਡਾ - ਮਾਣ ਮੱਛੀ ਪਾਲਕ ਕਿਸਾਨ

ਜੋ ਜਲ ਚ ਮੋਤੀ ਉਗਾਉਂਦੇ ਨੇ
ਮਿਹਨਤਾਂ ਨਾਲ ਕਮਾਉਂਦੇ ਨੇ
ਕੁੱਲ ਦੁਨੀਆਂ ਲਈ ਪੈਦਾ ਕਰਕੇ
ਨਾਮ ਭਾਰਤ ਦਾ ਚਮਕਾਉਂਦੇ ਨੇ
ਮੱਛੀ ਪਾਲਣ ਜਿੰਦ ਜਿੰਨਾਂ ਦੀ
ਇਹਦੇ ਲਈ ਹੀ ਜਿਉਂਦੇ ਨੇ।
ਜਿੰਨ੍ਹਾਂ ਮੰਤਵ ਮਿੱਥਿਆ ਤਕਦੀਰਾਂ ਦਾ
ਧੰਨਵਾਦ ਕਰਾਂ ਮੱਛੀ ਪਾਲਕ ਵੀਰਾਂ ਦਾ।
ਬੇਰੁਜਗਾਰੀ ਦੇ ਇਸ ਜਮਾਨੇ ਚ
ਰੁਜਗਾਰ ਆਪਣਾ ਖੁਦ ਚਲਾਉਂਦੇ ਨੇ।
ਆਪਣੇ ਨਾਲ-ਨਾਲ ਦੂਜਿਆਂ
ਕੰਮ-ਕਾਜਾਂ ਵਿੱਚ ਲਾਉਂਦੇ ਨੇ।
ਨੌਕਰ ਕਿਸੇ ਦੇ ਨਹੀ ਬਣਦੇ
ਕਰਨ ਜੋ ਕੰਮ ਸ਼ਮਸ਼ੀਰਾਂ ਦਾ
ਧੰਨਵਾਦ ਕਰਾਂ ਮੱਛੀ ਪਾਲਕ ਵੀਰਾ ਦਾ।
ਬੰਜਰ ਜਮੀਨਾਂ ਵਿੱਚ ਸੋਨਾ ਉੱਗਾ ਦਿੱਤਾ
ਖਾਰੇ ਪਾਣੀ ਨੂੰ ਵਰਦਾਨ ਬਣਾ ਦਿੱਤਾ।
ਮਾਰੂ ਆਖਦੇ ਸੀ ਸੇਮ ਵਾਲੇ ਖੇਤ
ਉੱਥੇ ਵੀ ਝੀਗਾ ਫਾਰਮ ਚਲਾ ਦਿੱਤਾ।
ਭੇਜ ਕੇ ਵਿੱਚ ਵਿਦੇਸ਼ਾਂ ਦਾ
ਮਾਣ ਭਾਰਤ ਦਾ ਵਧਾ ਦਿੱਤਾ।
ਖਾਰੇ ਪਾਣੀ ਦੀ ਸਫਲ ਖੇਤੀ ਲਈ
ਜਿਨ੍ਹਾਂ ਖਾਰਾ ਮੁੜਕਾ ਵਹਾਇਆ ਸਰੀਰਾਂ ਦਾ
ਧੰਨਵਾਦ ਕਰਾਂ ਝੀਗਾਂ ਮੱਛੀ ਪਾਲਕ ਵੀਰਾਂ ਦਾ
ਕਰਕੇ ਦਿਨ ਰਾਤ ਨਵੀਆਂ ਖੋਜਾਂ
ਕਿਸਾਨਾਂ ਤੱਕ ਪਹੁੰਚਾਉਂਦੇ ਨੇ।
ਕਿਵੇਂ ਕਰਨੀ ਸੰਭਾਲ ਕਿੱਤੇ ਦੀ
ਹਰ ਦਿਨ ਸਮਝਾਉਂਦੇ ਨੇ।
ਜਦ ਵੀ ਮੁਸ਼ਕਿਲ ਕੋਈ ਆਵੇ
ਝੱਟ ਖੁੱਦ ਚੱਲ ਕੇ ਆਉਂਦੇ ਨੇ।
ਜੋ ਰੱਖਣ ਖਿਆਲ ਕਿਸਾਨਾਂ ਦਾ
ਧੰਨਵਾਦ ਕਰਾਂ ਡਾ. ਸਹਿਬਾਨਾਂ ਦਾ।

**ਪ੍ਰਭਦਿਆਲ ਸਿੰਘ**

ਫਿਸ਼ਰੀਜ਼ ਕਾਲਜ

## ਹਿਸਾਰ ਵਿੱਚ ਖੁੱਲੇਗੀ ਗਧੀ ਦੇ ਦੁੱਧ ਦੀ ਡੇਅਰੀ

ਪਹਿਲਾਂ ਇਹ ਸੁਣਦੇ ਹੁੰਦੇ ਸੀ ਕਿ ਮਿਸ਼ਰ ਦੇਸ਼ ਦੀ ਰਾਣੀ ਗਧੀ ਦੇ ਦੁੱਧ ਨਾਲ ਨਹਾਉਂਦੀ ਹੁੰਦੀ ਸੀ। ਕਿਉਂਕਿ ਇਹ ਮੰਨਿਆ ਜਾਂਦਾ ਸੀ ਕਿ ਗਧੀ ਦਾ ਦੁੱਧ ਚਮੜੀ ਨੂੰ ਦਰੁੱਸਤ ਰੱਖ ਕੇ ਸੁੰਦਰਤਾ ਵਧਾਉਂਦਾ ਹੈ। ਪਰ ਹੁਣ ਇਸ ਦੇ ਗੁਣ ਉਜਾਗਰ ਹੋਣੇ ਸ਼ੁਰੂ ਹੋ ਗਏ ਹਨ।

ਹਿਸਾਰ ਵਿਖੇ ਸਥਿਤ, ਘੋੜਿਆਂ ਦਾ ਕੋਮੀ ਖੋਜ ਕੇਂਦਰ ਛੇਤੀ ਹੀ ਗਧੀਆਂ ਦਾ ਫਾਰਮ ਖੋਲਣ ਜਾ ਰਿਹਾ ਹੈ। ਇਸ ਫਾਰਮ ਗੁਜਰਾਤ ਤੋਂ ਹਲਾਰੀ ਨਸਲ ਦੀਆਂ ਗਧੀਆਂ ਮੰਗਵਾ ਰਿਹਾ ਹੈ। ਇਸ ਸੰਸਥਾ ਦੇ ਇੱਕ ਵਿਗਿਆਨੀ ਨੇ ਗਧੀ ਦੇ ਦੁੱਧ ਤੋਂ ਸੁੰਦਰਤਾ ਵਧਾਉ ਪਦਾਰਥ ਬਣਾਉ ਉਪਰ ਖੋਜ਼ ਕੀਤੀ ਹੈ। ਗਧੀ ਦਾ ਦੁੱਧ ਗੁਣਵੱਤਾ ਭਰਭੂਰ ਹੁੰਦਾ ਹੈ ਤੇ ਇਸ ਵਿੱਚੋਂ ਕਈ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਹੁੰਦੀ ਹੈ। ਵਿਗਿਆਨੀਆਂ ਅਨੁਸਾਰ ਹਲਾਰੀ ਨਸਲ ਦੀ ਗਧੀ ਦੇ ਦੁੱਧ ਤੋਂ ਬੱਚਿਆਂ ਨੂੰ ਐਲਰਜੀ ਨਹੀਂ ਹੁੰਦੀ।

## ਚਿੱਚੜਾਂ ਨੂੰ ਮਾਰਨ ਵਾਲੀਆਂ ਦਵਾਈਆਂ ਦੀ ਯੋਗ ਵਰਤੋਂ ਲਈ 15 ਨੁਕਤੇ

ਰਾਕੇਸ਼ ਕੁਮਾਰ ਸ਼ਰਮਾਂ ਅਤੇ ਹਰੀਸ਼ ਕੁਮਾਰ ਵਰਮਾਂ

ਬਰਸਾਤਾਂ ਦੇ ਮੌਸਮ ਵਿਚ ਚਿਚੜਾਂ ਦੀ ਗਿਣਤੀ ਵੱਧ ਜਾਂਦੀ ਹੈ, ਇਹ ਪਸ਼ੂਆਂ ਦਾ ਖੂਨ ਚੂਸਕੇ ਉਹਨਾਂ ਨੂੰ ਕਮਜੋਰ ਕਰ ਦਿੰਦੇ ਹਨ ਅਤੇ ਬਿਮਾਰੀਆਂ ਵੀ ਫੈਲਾਉਂਦੇ ਹਨ। ਇਹਨਾਂ ਦੀ ਰੋਕਥਾਮ ਲਈ ਕਈ ਕਿਸਮ ਦੀਆਂ ਦਵਾਈਆਂ ਵਰਤੀਆਂ ਜਾਂਦੀਆਂ ਹਨ। ਦਵਾਈਆਂ ਵਰਤਣ ਦੇ ਢੰਗ ਵੀ ਕਈ ਹਨ ਜਿਵੇਂ-ਦਵਾਈ ਨੂੰ ਪਾਣੀ ਵਿਚ ਘੋਲ ਕੇ ਕਪੜੇ (ਪੋਚੇ) ਨਾਲ ਪਸ਼ੂ ਦੇ ਸਰੀਰ ਉੱਪਰ ਮੱਲ੍ਹਣਾਂ, ਸਪ੍ਰੇਅ ਕਰਨਾ, ਦਵਾਈ ਨੂੰ ਪਸ਼ੂ ਦੀ ਕਮਰੋੜ ਉੱਪਰ ਪਾਉਣਾ ਜਾਂ ਟੀਕਾ ਲਗਾਉਣਾ। ਬਹੁਤ ਵਾਰੀ ਇਹ ਦਵਾਈਆਂ ਵਰਤਣ ਦੇ ਬਾਵਜੂਦ ਚਿਚੜ ਖਤਮ ਨਹੀਂ ਹੁੰਦੇ ਜਾਂ ਕਈ ਵਾਰੀ ਪਸ਼ੂ ਜਹਿਰਵਾਦ ਦਾ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਮੁਸ਼ਕਲਾਂ ਦੇ ਕਈ ਕਾਰਣ ਹੋ ਸਕਦੇ ਹਨ। ਚਿਚੜ ਮਾਰਨ ਵਾਲੀਆਂ ਦਵਾਈਆਂ ਨੂੰ ਸਹੀ ਤਰੀਕੇ ਨਾਲ ਕਿਸ ਤਰ੍ਹਾਂ ਵਰਤਿਆਂ ਜਾ ਸਕਦਾ ਹੈ, ਇਸ ਲੇਖ ਵਿਚ ਇਹਨਾਂ ਬਾਰੇ ਹੀ ਗੱਲ ਕਰਾਂਗੇ।

1. ਚਿੱਚੜਾਂ ਨੂੰ ਮਾਰਨ ਵਾਲੀ ਦਵਾਈ ਵਰਤਣ ਤੋਂ ਪਹਿਲਾਂ ਉਸਦੀ ਅਸਰ ਖਤਮ ਹੋਣ ਵਾਲੀ ਮਿਤੀ ਦਵਾਈ ਦੀ ਘਣਤਾ ਜਾਂ ਉਸਨੂੰ ਪਤਲਾ ਕਰਨ ਦੀ ਦਰ ਅਤੇ ਉਸਨੂੰ ਵਰਤਣ ਦਾ ਤਰੀਕਾ ਜ਼ਰੂਰ ਚੈੱਕ ਕਰ ਲੈਣਾ ਚਾਹੀਦਾ ਹੈ।
2. ਸਰੀਰ ਉੱਪਰ ਮਲ੍ਹਣ ਵਾਲੀਆਂ ਦਵਾਈਆਂ ਜਾਂ ਸਪ੍ਰੇਅ ਦੁਆਰਾ ਵਰਤੀਆਂ ਜਾਣ ਵਾਲੀਆਂ ਦਵਾਈਆਂ ਬਜ਼ਾਰ ਵਿਚ ਸੰਘਣੇ ਘੋਲ ਦੇ ਰੂਪ ਵਿਚ ਉਪਲੱਭਧ ਹਨ। ਇਹਨਾਂ ਨੂੰ ਹਰ ਹਾਲਤ ਵਿਚ ਸਿਫਾਰਸ਼ ਕੀਤੀ ਮਿਕਦਾਰ ਵਿਚ ਪਤਲਾ ਕਰਕੇ ਵਰਤਣਾ ਚਾਹੀਦਾ ਹੈ।
3. ਚਿੱਚੜ ਮਾਰਨ ਵਾਲੀਆਂ ਦਵਾਈਆਂ ਉਹਨਾਂ ਦੇ ਜੀਵਨ-ਕਾਲ ਦੀਆਂ ਸਾਰੀਆਂ ਅਵੱਸਥਾਵਾਂ (ਸਟੇਜਾਂ) ਨੂੰ ਨਹੀਂ ਮਾਰਦੀਆਂ। ਇਸ ਲਈ ਇਹਨਾਂ ਦਾ ਦੁਬਾਰਾ ਇਸਤੇਮਾਲ ਕਰਨਾ ਬਹੁੱਤ ਜ਼ਰੂਰੀ ਹੈ। ਆਮ ਤੌਰ ਤੇ ਜਿਆਦਾਤਰ ਦਵਾਈਆਂ ਤਿੰਨ ਹਫਤੇ ਦੇ ਵਕਫੇ ਬਾਅਦ ਵਰਤੀਆਂ ਜਾਂਦੀਆਂ ਹਨ। ਇਸ ਤੋਂ ਥੋੜੇ ਅੰਤਰਾਲ ਬਾਅਦ ਬਾਰ ਬਾਰ ਦਵਾਈ ਵਰਤਣ ਨਾਲ ਚਿੱਚੜਾਂ ਵਿਚ ਜ਼ਿੰਦਾ ਰਹਿਣ ਦੀ ਸ਼ਕਤੀ ਵੱਧ ਜਾਂਦੀ ਹੈ।
4. ਚਿੱਚੜ ਮਾਰਨ ਵਾਲੀਆਂ ਦਵਾਈਆਂ ਨੂੰ ਪਸ਼ੂਆਂ ਉੱਪਰ ਵਰਤਣ ਵੇਲੇ ਹੀ ਪਤਲਾ ਕਰਨਾ ਚਾਹੀਦਾ ਹੈ। ਪਤਲੇ ਕੀਤੇ ਘੋਲ ਨੂੰ ਲੰਬੇ ਸਮੇਂ ਲਈ ਨਹੀਂ ਰੱਖਿਆ ਜਾ ਸਕਦਾ। ਇਸ ਨਾਲ ਚਿਚੜ ਮਾਰਨ ਦੀ ਸ਼ਕਤੀ ਬਹੁੱਤ ਘੱਟ ਜਾਂਦੀ ਹੈ।
5. ਸਰੀਰ ਉੱਪਰ ਮਲ੍ਹਣ ਵਾਲੀਆਂ ਦਵਾਈਆਂ ਜਾਂ ਕਮਰੋੜ ਉੱਪਰ ਵਰਤੀਆਂ ਜਾਣ ਵਾਲੀਆਂ ਦਵਾਈਆਂ ਕਿਉਂਕਿ ਜਹਿਰਾਂ ਹਨ, ਇਹਨਾਂ ਦਾ ਮਾੜਾ ਅਸਰ ਪਸ਼ੂ ਉੱਪਰ ਵੀ ਆ ਸਕਦਾ ਹੈ। ਇਸ ਲਈ ਇਹਨਾਂ ਨੂੰ ਹਮੇਸ਼ਾਂ ਸਵੇਰ ਦੇ ਮੌਕੇ ਵਰਤਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਪਸ਼ੂ ਵਿਚ ਮਾੜਾ ਅਸਰ ਵੇਖਣ 'ਤੇ ਦਿਨ ਦੇ ਸਮੇਂ ਹੀ ਕੋਈ ਉਪਚਾਰ ਕਰਨਾ ਸੰਭਵ ਹੁੰਦਾ ਹੈ।
6. ਦਵਾਈ ਲਗਾਉਣ ਤੋਂ ਪਹਿਲਾਂ ਪਸ਼ੂਆਂ ਦੇ ਸਰੀਰ ਉੱਪਰ ਕੋਈ ਗੋਹਾ ਜਾਂ ਕਿਸੇ ਕਿਸਮ ਦੀ ਗੰਦਗੀ ਤਾਂ ਨਹੀਂ ਲੱਗੀ ਹੋਈ। ਅਜਿਹੀ ਸੂਰਤ ਵਿਚ ਪਸ਼ੂਆਂ ਨੂੰ ਚੰਗੀ ਤਰ੍ਹਾਂ ਨਹਿਲਾ ਲੈਣਾ ਚਾਹੀਦਾ ਹੈ। ਇੱਕ ਹੋਰ ਗੱਲ ਚੇਤੇ ਰੱਖੋ, ਦਵਾਈ ਕਦੇ ਵੀ ਗਿੱਲੇ ਪਿੰਡੇ ਉੱਪਰ ਨਹੀਂ ਲਗਾਉਣੀ।
7. ਸਪ੍ਰੇਅ ਕਰਨਾ ਜਾਂ ਦਵਾਈ ਨੂੰ ਕੱਪੜੇ ਨਾਲ ਲਗਾਉਣਾ ਹਮੇਸ਼ਾਂ ਲੱਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਖੁਰਾਂ ਤੋਂ ਲਗਾਉਂਦੇ ਹੋਏ ਉੱਪਰ ਨੂੰ ਆਉਣਾ ਚਾਹੀਦਾ ਹੈ। ਫਿਰ ਧਰਤੀ ਦੇ ਸਮਾਨੰਤਰ ਹੁੰਦੇ ਹੋਏ ਪਸ਼ੂ ਦੇ ਸਾਰੇ ਸਰੀਰ ਉੱਪਰ ਦਵਾਈ ਮੱਲ ਦੇਣੀ ਚਾਹੀਦੀ ਹੈ। ਪੂੰਛ ਦੇ ਸਿਰੇ ਉੱਪਰ ਅਤੇ ਜੜ ਵਿਚ, ਕੰਨਾਂ ਦੀ ਜੜ ਵਿਚ, ਲੇਵੇ ਦੇ ਦੋਨੋ ਵੰਨੇ ਅਤੇ ਲੱਤਾਂ ਦੇ ਅੰਦਰਲੇ ਪਾਸੇ ਦਵਾਈ ਦੋਹਰੀ ਵਾਰ ਲਗਾ ਦੇਣੀ ਚਾਹੀਦੀ ਹੈ।
8. ਟੀਕਾ ਲਗਵਾਉਣ ਸਮੇਂ ਪਸ਼ੂਆਂ ਦੇ ਵਜ਼ਨ ਮੁਤਾਬਕ ਉਸਦੀ ਮਾਤਰਾ ਤਹਿ ਕਰ ਲੈਣੀ ਚਾਹੀਦੀ ਹੈ। ਇਸ ਕੰਮ ਲਈ ਵਗ ਵਿਚਲੀ ਸਭ ਤੋਂ ਭਾਰੀ ਲਵੇਰੀ ਦੀ ਚੋਣ ਕਰ ਲੈਣੀ ਚਾਹੀਦੀ ਹੈ। ਟੀਕੇ ਦੀ ਮਾਤਰਾ ਕਿਸੇ ਵੀ ਹਾਲਤ ਵਿਚ ਘੱਟ ਨਹੀਂ ਹੋਣੀ ਚਾਹੀਦੀ। ਇਸ ਨਾਲ ਚਿੱਚੜ ਮਰਨਗੇ ਨਹੀਂ ਬਲਕਿ ਉਹਨਾਂ ਵਿਚ ਜ਼ਿੰਦਾ ਰਹਿਣ ਦੀ ਸ਼ਕਤੀ ਪਹਿਲਾਂ ਨਾਲੋਂ ਵੀ ਵੱਧ ਜਾਵੇਗੀ। ਆਉਣ ਵਾਲੇ ਸਮੇਂ ਵਿਚ ਸਾਨੂੰ ਨੁਕਸਾਨ ਹੋ ਸਕਦਾ ਹੈ।
9. ਟੀਕਾ ਲਗਵਾਉਣ ਲਈ ਹਮੇਸ਼ਾਂ 1.5 ਸੈਂਟੀਮੀਟਰ ਲੰਬੀ ਅਤੇ 18° ਗੇਜ ਦੀ ਸੂਈ ਵਰਤੋ ਅਤੇ ਟੀਕਾ ਚੱਮੜੀ ਥੱਲੇ ਹੀ ਲੱਗੇ।
10. ਦਵਾਈ ਵਰਤਣ ਉਪਰੰਤ ਹਰੇਕ ਪਸ਼ੂ ਨੂੰ ਰੋਜ਼ਾਨਾ ਗੌਹੁ ਨਾਲ ਤੱਕਣਾ ਚਾਹੀਦਾ ਹੈ। ਕਮਰੋੜ ਉੱਪਰ ਜਾਂ ਕਪੜੇ/ਸਪ੍ਰੇਅ ਨਾਲ ਦਵਾਈ ਲਗਾਉਣ ਸਮੇਂ ਚਾਰ ਦਿਨਾਂ ਤੱਕ ਅਤੇ ਟੀਕਾ ਲਗਵਾਉਣ ਸਮੇਂ ਛੇ ਦਿਨਾਂ ਤੱਕ ਚਿੱਚੜਾਂ ਦਾ ਮੁਆਇਨਾਂ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਇਸ ਸਮੇਂ ਉਪਰੰਤ ਪਸ਼ੂ ਦੇ ਸਰੀਰ ਉੱਪਰ ਜਿੰਦਾ ਚਿਚੜ ਨਜ਼ਰ ਆਉਣ ਤਾਂ ਤੁਰੰਤ ਅਪਣੇ ਨੇੜਲੇ ਪਸ਼ੂ-ਚਿਕਿਤਸਿਕ ਦੀ ਸਲਾਹ ਲਵੋ। ਤੁਹਾਨੂੰ ਦਵਾਈਆਂ ਜਾਂ ਇਹਨਾਂ ਨੂੰ ਵਰਤਣ ਦਾ ਤਰੀਕਾ ਬਦਲਣਾ ਪੈ ਸਕਦਾ ਹੈ।
11. ਚਿੱਚੜ ਮਾਰਨ ਵਾਲੀ ਦਵਾਈ ਵੱਗ ਵਿਚਲੇ ਹਰੇਕ ਪਸ਼ੂ ਦੇ ਇੱਕੋ ਸਮੇਂ ਲਗਾਉਣੀ ਚਾਹੀਦੀ ਹੈ। ਕਟੜੂਆਂ/ਵਛੜੂਆਂ ਉੱਪਰ ਦਵਾਈ ਲਗਾਉਂਦੇ ਸਮੇਂ ਉਸਦੀ ਮਾਤਰਾ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।
12. ਯੋਗ ਦਵਾਈ ਸ਼ੈਡ ਅੰਦਰ, ਕਿੱਲਿਆਂ ਦੇ ਆਲੇ ਦੁਆਲੇ, ਕੰਧਾਂ ਦੀਆਂ ਮੋਰੀਆਂ ਵਿਚ, ਫਰਸ਼ ਉੱਪਰ ਜਾਂ ਕੋਈ ਵੀ ਹੋਰ ਵਸਤੂ ਜਿਹੜੀ ਸ਼ੈਡ ਵਿਚ ਕਾਫੀ ਲੰਬੇ ਸਮੇਂ ਤੋਂ ਮੌਜੂਦ ਹੋਵੇ, ਉਸ ਉੱਪਰ ਵੀ ਸਪ੍ਰੇਅ ਕਰਨੀ ਚਾਹੀਦੀ ਹੈ।
13. ਜਿਸ ਦਿਨ ਬਾਰਸ਼ ਦੀ ਸੰਭਾਵਨਾ ਹੋਵੇ ਉਸ ਦਿਨ ਸਰੀਰ ਉੱਪਰ ਜਾਂ ਸ਼ੈਡ ਵਿਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਦਾ ਇਸਤੇਮਾਲ ਨਾ ਕਰੋ।
14. ਸ਼ੀਸ਼ੀ ਅੰਦਰ ਬਚੀ ਹੋਈ ਦਵਾਈ ਦਾ ਢੱਕਣ ਚੰਗੀ ਤਰ੍ਹਾਂ ਬੰਦ ਕਰਕੇ ਕਿਸੇ ਛਾਂ ਵਾਲੀ ਜਗ੍ਹਾ ਉੱਪਰ ਰੱਖੋ। ਢੱਕਣ ਖੁੱਲਾ ਰਹਿਣ ਸਮੇਂ ਜਾਂ ਉਸਨੂੰ ਧੁੱਪ ਵਿਚ ਰੱਖਣ ਸਮੇਂ ਉਸਦਾ ਅਸਰ ਕਾਫੀ ਹੱਦ ਤੱਕ ਘੱਟ ਜਾਵੇਗਾ। ਦਵਾਈ ਦੀਆਂ ਸ਼ੀਸ਼ੀਆਂ ਬੱਚਿਆਂ ਅਤੇ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ।
15. ਖਾਲੀ ਸ਼ੀਸ਼ੀਆਂ ਅਤੇ ਵਰਤੀਆਂ ਗਈਆਂ ਸੂਈਆਂ/ਸਰਿੰਜਾਂ ਨੂੰ ਕਿਸੇ ਢੱਕਣ ਵਾਲੇ ਡੱਬੇ ਜਾਂ ਢੋਲ ਵਿਚ ਸੁੱਟ ਦੇਣਾ ਚਾਹੀਦਾ ਹੈ।

ਉੱਪਰ ਦੱਸੀਆਂ ਗੱਲਾਂ ਤੇ ਅਮਲ ਕਰਕੇ ਪਸ਼ੂ-ਪਾਲਕ ਅਪਣੇ ਪਸ਼ੂਆਂ ਨੂੰ ਸਹੀ ਤਰੀਕੇ ਨਾਲ ਚਿੱਚੜਾਂ ਦੇ ਪ੍ਰਕੋਪ ਤੋਂ ਬਚਾਈ ਰੱਖਣਗੇ ਅਤੇ ਅਪਣੇ ਕਿੱਤੇ ਨੂੰ ਲੰਬੀਆਂ ਪੁਲਾਂਘਾਂ ਪੁੱਟਦੇ ਹੋਏ ਹੋਰ ਲਾਭਦਾਇਕ ਬਨਾਉਣਗੇ।

# ਰਾਸ਼ਟਰੀ ਫਿਸ਼ ਫਾਰਮਰਜ਼ ਦਿਵਸ

ਰਾਸ਼ਟਰੀ ਫਿਸ਼ ਫਾਰਮਰਜ਼ ਦਿਵਸ ਤੇ ਯੂਨੀਵਰਸਿਟੀ ਵੱਲੋ ਮੱਛੀ ਪਾਲਕਾਂ ਦਾ ਆਨਲਾਈਨ ਸੈਮੀਨਾਰ ਰਾਹੀਂ ਸਨਮਾਨ ਅਤੇ ਧੰਨਵਾਦ ਕੀਤਾ ਗਿਆ। ਮੱਛੀ ਉਤਪਾਦਨ ਵਧਾਉਣ ਲਈ ਤਕਨੀਕੀ ਜਾਣਕਾਰੀ ਅਤੇ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਯੋਗ ਕਾਰਵਾਈ ਯੋਜਨਾ ਸਬੰਧੀ ਹੱਲ ਕਿਸਾਨਾਂ ਨਾਲ ਸਾਂਝੇ ਕੀਤੇ ਗਏ। ਇਸ ਮੌਕੇ ਤੇ ਡਾ. ਹੀਰਾ ਲਾਲ ਚੌਧਰੀ, ਜਿਨ੍ਹਾਂ ਦੇ ਮੱਛੀ ਪ੍ਰਜਨਨ ਤਕਨੀਕ ਸਦਕਾ ਅੱਜ ਦੇਸ਼ ਵਿੱਚ ਮੱਛੀ ਪਾਲਣ ਉਦਯੋਗ ਦਾ ਵਿਸਥਾਰ ਹੋਇਆ ਹੈ, ਨੂੰ ਯਾਦ ਕਰਦਿਆਂ ਹੋਏ, ਮੱਛੀ ਪਾਲਕਾਂ ਦਾ ਦੇਸ਼ ਦੇ ਭੋਜਨ ਅਤੇ ਪੋਸ਼ਣ ਸੁਰੱਖਿਆ ਵਿੱਚ ਯੋਗਦਾਨ ਲਈ ਧੰਨਵਾਦ ਕੀਤਾ ਗਿਆ। ਡਾ. ਹਰੀਸ਼ ਕੁਮਾਰ ਵਰਮਾ, ਡਾਇਰੈਕਟਰ ਐਕਸਟੈਂਸ਼ਨ ਐਜੂਕੇਸ਼ਨ, ਵੈਟਨਰੀ ਯੂਨੀਵਰਸਿਟੀ, ਲੁਧਿਆਣਾ, ਡਾ. ਆਰ. ਐਸ. ਚੌਹਾਨ, ਡੀਨ, ਫਿਸ਼ਰੀਜ਼ ਕਾਲਜ, ਜੀ.ਬੀ. ਪੰਤ ਯੂਨੀਵਰਸਿਟੀ ਆਫ ਐਗਰੀਕਲਚਰ ਅਤੇ ਟੈਕਨੋਲੋਜੀ, ਪੰਤਨਗਰ (ਉਤਰਾਖੰਡ) ਅਤੇ ਡਾ. ਆਰ.ਏ. ਪਵਾਰ, ਪ੍ਰੋਫੈਸਰ, ਫਿਸ਼ਰੀਜ ਕਾਲਜ, ਰਤਨਾਗਿਰੀ (ਮਹਾਂਰਾਸ਼ਟਰ) ਨੇ ਕਿਸਾਨ ਵੀਰਾਂ ਨੂੰ ਇਸ ਮੌਕੇ ਤੇ ਸੰਬੋਧਿਤ ਕੀਤਾ। ਫਿਸ਼ਰੀਜ਼ ਕਾਲਜ ਦੇ ਵਿਦਿਆਰਥੀਆਂ ਵਲੋਂ ਵੀ ਆਕਰਸ਼ਕ ਪੋਸਟਰਾਂ ਅਤੇ ਮਨਮੋਹਕ ਕਵਿਤਾਵਾਂ ਰਾਹੀ ਕਿਸਾਨਾਂ ਦਾ ਪ੍ਰਵਾਨਗੀ ਸਨਮਾਨ ਕੀਤਾ ਗਿਆ। ਯੂਨੀਵਰਸਿਟੀ ਦੇ ਵਾਇਸ ਚਾਂਸਲਰ, ਡਾ. ਇੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਰਾਸ਼ਟਰੀ ਫਿਸ਼ ਫਾਰਮਰਜ਼ ਦਿਵਸ ਦੀ ਵਧਾਈ ਦਿੰਦਿਆ ਵਿਸ਼ਵਾਸ ਦਵਾਇਆ ਕਿ ਯੂਨੀਵਰਸਿਟੀ ਹਮੇਸ਼ਾ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਖੇਤਰ ਦੇ ਟਿਕਾਉ ਵਿਕਾਸ ਲਈ ਕਿਸਾਨ ਵੀਰਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਨਵੀਆਂ ਤਕਨੀਕਾਂ ਮੁਹੱਈਆ ਕਰਵਾਉਂਦੀ ਰਹੇਗੀ।




# ਕਾਰਪ ਮੱਛੀ ਪਾਲਣ : ਨਰਸਰੀ ਤਲਾਅ ਵਿੱਚ ਬੱਚ ਨੂੰ ਸਟਾਕ ਕਰਨ।


ਮੱਛੀ ਬੱਚ (ਸੀਡ) ਬੈਗ → ਪਾਣੀ ਦੀ ਸਤਹ ਤੇ ਬੱਚ ਬੈਗ→ ਬੈਗ ਵਿੱਚ ਤਲਾਅ ਦੇ ਪਾਣੀ ਦੀ ਮਿਕਸਿੰਗ → ਸਟਾਕਿੰਗ

ਇਸ ਸਾਲ ਅਪ੍ਰੈਲ-ਮਈ ਦੇ ਮਹੀਨੇ ਦੌਰਾਨ ਉਤਪਾਦਨ ਤਲਾਅ ਵਿੱਚ ਉਂਗਲਕਾਰੀ ਬੱਚ ਸਟਾਕ ਕਰਨ ਤੋਂ ਬਾਅਦ, ਕਿਸਾਨ ਹੁਣ (ਜੁਲਾਈ- ਅਗਸਤ) ਅਗਲੇ ਸਾਲ ਵਾਸਤੇ ਉਂਗਲਕਾਰੀ ਬੱਚ ਤਿਆਰ ਕਰਨ ਲਈ ਨਰਸਰੀ ਤਲਾਅ ਵਿੱਚ ਨਵਾਂ ਬੱਚ ਸਟਾਕ ਕਰ ਰਹੇ ਹਨ। ਨਰਸਰੀ ਤਲਾਅ ਵਿੱਚ ਬੱਚ ਦੀ ਬਚਾਅ ਦਰ ਨੂੰ ਵਧਾਉਣ ਲਈ ਜਰੂਰੀ ਹੈ ਕਿ ਹੇਠ ਲਿਖਿਆਂ ਗੱਲਾਂ ਦਾਂ ਧਿਆਨ ਰੱਖਿਆ ਜਾਵੇ:-

- ✓ ਭਰੋਸੇਯੋਗ ਸਰੋਤ ਤੋਂ ਹੀ ਉੱਚ ਕੁਆਲਟੀ ਦਾ ਬੱਚ ਖਰੀਦੋ, ਤਾਂ ਜੋ ਮੱਛੀ ਦੀ ਸਰਵੋਤਮ ਪੈਦਾਵਾਰ ਲਈ ਜਾ ਸਕੇ।
- ✓ ਹੈਚਰੀ ਵਿੱਚ ਬੱਚ ਦੀ ਪੈਕਿੰਗ ਦੌਰਾਨ ਸੁਚੇਤ ਰਹੋ ਕਿ ਬੱਚ ਦਾ ਪੇਟ ਪੂਰੀ ਤਰ੍ਹਾਂ ਖਾਲੀ ਕੀਤਾ ਗਿਆ ਹੈ ਅਤੇ ਸਹੀ ਮਾਤਰਾ ਵਿੱਚ ਲੋੜੀਂਦੀ ਕਿਸਮਾਂ ਦਾ ਬੱਚ ਹੀ ਪੈਕ ਕੀਤਾ ਜਾ ਰਿਹਾ ਹੈ। ਜੇਕਰ ਬੱਚ ਦਾ ਪੇਟ ਖਾਲੀ ਨਹੀ ਹੋਵੇਗਾ ਤਾਂ ਉਸ ਦਾ ਮੱਲ ਮੂਤਰ ਢੋਆ ਢੋਆਈ ਦੌਰਾਨ ਬੱਚ ਬੈਗ ਵਿੱਚਲੇ ਪਾਣੀ ਨੂੰ ਪ੍ਰਦੂਸ਼ਿਤ ਕਰ ਦੇਵੇਗਾ, ਜਿਸ ਕਾਰਨ ਤਲਾਅ ਤੇ ਪਹੁੰਚਣ ਤੋਂ ਪਹਿਲਾਂ ਹੀ ਬੱਚ ਦੀ ਮੌਤ ਹੋ ਸਕਦੀ ਹੈ। ਬੱਚ ਦੀ ਘੱਟ ਗਿਣਤੀ ਅਤੇ ਮਿਲਾਵਟ ਵੀ ਮੱਛੀ ਦੀ ਪੈਦਾਵਾਰ ਦੇ ਮਾੜਾ ਅਸਰ ਪਾਉਂਦੀ ਹੈ।
- ✓ ਹੈਚਰੀ ਤੋਂ ਬੱਚ ਦੀ ਢੋਆ ਢੋਆਈ ਤੜਕੇ ਵੇਲੇ ਜਾਂ ਦੇਰ ਸ਼ਾਮ ਵੇਲੇ ਕਰੋ, ਤਾਂ ਜੋ ਬੱਚ ਨੂੰ ਗਰਮ ਤਾਪਮਾਨ ਦੀ ਮਾਰ ਨਾ ਝੱਲਣੀ ਪਵੇ, ਜਿਸ ਕਾਰਨ ਉਸ ਦੀ ਨਵੇ ਵਾਤਾਵਰਣ ਵਿੱਚ ਬਚਾਅ ਦਰ ਘੱਟ ਜਾਂਦੀ ਹੈ।
- ✓ ਢੋਆ ਢੋਆਈ ਦੌਰਾਨ ਬੱਚ ਨੂੰ ਸਰੀਰਕ ਸੱਟ/ਤਣਾਅ ਤੋਂ ਬਚਾਓ, ਕਿਉਂਕਿ ਜ਼ਖਮੀ ਬੱਚ ਦੀ ਨਵੇਂ ਵਾਤਾਵਰਣ ਵਿੱਚ ਬਚਾਅ ਦੀ ਸੰਭਾਵਨਾ ਘੱਟ ਜਾਂਦੀ ਹੈ।
- ✓ ਬੱਚ ਨੂੰ ਸਿਫਾਰਸ਼ੀ ਤਕਨੀਕ ਨਾਲ ਨਵੇ ਤਲਾਅ ਦੇ ਵਾਤਾਵਰਣ ਅਨੁਸਾਰ ਢਾਲ ਕੇ ਹੀ ਸਟਾਕ ਕਰੋ, ਤਾਂ ਜੋ ਬੱਚ ਦੇ ਬਚਾਅ ਦਰ ਨੂੰ ਵੱਧ ਤੋਂ ਵੱਧ ਵਧਾਇਆ ਜਾ ਸਕੇ।

**ਤਲਾਅ ਵਿੱਚ ਬੱਚ ਸਟਾਕ ਕਰਨ ਦਾ ਸਹੀ ਤਰੀਕਾ**

- ➢ ਬੱਚ ਦੇ ਬੈਗ (Seed bag) ਨੂੰ ਪਾਣੀ ਦੀ ਸਤਹ ਤੇ ਬਿਨ੍ਹਾ ਖੋਲ੍ਹੇ 20-30 ਮਿੰਟਾਂ ਲਈ ਰੱਖੋ → ਤਾਂ ਜੋ ਬੈਗ ਵਿੱਚਲੇ ਪਾਣੀ ਦਾ ਤਾਪਮਾਨ ਤਲਾਅ ਦੇ ਪਾਣੀ ਦੇ ਤਾਪਮਾਨ ਬਰਾਬਰ ਹੋ ਜਾਵੇ।
- ➢ ਬੈਗ ਦਾ ਮੂੰਹ ਖੋਲ੍ਹ ਕੇ, ਉਸ ਦੇ ਕਿਨਾਰੇ ਫੋਲਡ ਕਰ ਕੇ ਤਲਾਅ ਦਾ ਪਾਣੀ ਹੌਲੀ ਹੌਲੀ ਮਿਕਸ ਕਰ ਕੇ ਪੂਰੀ ਤਰ੍ਹਾਂ 10-15 ਮਿੰਟਾਂ ਵਿੱਚ ਭਰ ਦਿਓ।
- ➢ ਬੈਗ ਦੇ ਕਿਨਾਰੇ ਨੂੰ ਪਾਣੀ ਹੇਠ ਡੁੱਬੋ ਦਿਓ →ਤਾਂ ਜੋ ਬੱਚ ਬਿਨਾਂ ਕਿਸੇ ਸੱਟ ਅਪਣੇ ਆਪ ਤੈਰ ਕੇ ਤਲਾਅ ਦੇ ਪਾਣੀ ਵਿੱਚ ਪ੍ਰਵੇਸ਼ ਕਰ ਜਾਵੇ।

**ਡਾ. ਮੀਰਾ ਡੀ.ਆਂਸਲ, ਫਿਸ਼ਰੀਜ਼ ਕਾਲਜ**



# ਪੰਜਾਬ ਵਿੱਚ ਮੱਝ ਅਤੇ ਭੇਡ ਦੀ ਨਵੀਂ ਨਸਲ ਲੱਭੀ



ਨੈਸ਼ਨਲ ਬਿਊਰੋ ਆਫ ਐਨੀਮਲ ਜੈਨਟਿਕ ਰੀਸੋਰਸ ਕਰਨਾਲ ਜੋ ਕਿ ਮੁਲਕ ਦੀ ਪਸ਼ੂਆਂ ਦੀਆਂ ਨਵੀਆਂ ਨਸਲਾਂ ਨੂੰ ਲੱਭਣ ਅਤੇ ਉਹਨਾਂ ਨੂੰ ਰਜਿਸਟਰ ਕਰਨ ਲਈ ਇੱਕ ਸਿਰਮੋਰ ਸੰਸਥਾ ਹੈ, ਨੇ ਜਨਵਰੀ 24-2020 ਨੂੰ ਹੋਈ ਮੀਟਿੰਗ ਵਿੱਚ ਮੁਲਕ ਭਰ ਵਿੱਚ ਦੇਸੀ ਜਾਨਵਰਾਂ ਦੀਆਂ 12 ਨਵੀਆਂ ਨਸਲਾਂ ਅਤੇ ਇੱਕ ਨਵੀਂ ਬੱਤਖ ਨੂੰ ਲੱਭ ਕੇ ਰਜਿਸਟਰ ਕੀਤਾ ਹੈ। 12 ਨਵੀਆਂ ਨਸਲਾਂ ਵਿੱਚ 7 ਗਾਂਵਾਂ, ਇੱਕ ਮੱਝ, ਇੱਕ ਭੇਡ, ਦੋ ਸੂਰ ਦੀਆਂ ਨਸਲਾਂ ਅਤੇ ਇੱਕ ਗਧੇ ਦੀ ਨਵੀਂ ਨਸਲ ਸ਼ਾਮਿਲ ਹੈ।

ਵਰਨਣਯੋਗ ਹੈ ਕਿ ਮੱਝ ਦੀ ਅਤੇ ਭੇਡ ਦੀ ਨਵੀਂ ਨਸਲ ਪੰਜਾਬ ਵਿੱਚੋਂ ਲੱਭੀ ਗਈ ਹੈ। ਮੱਝ ਦੀ ਨਸਲ ਦਾ ਨਾ 'ਗੋਜ਼ਰੀ' ਹੈ ਤੇ ਇਹ ਨਸਲ ਪੰਜਾਬ ਦੇ ਨੀਮ ਪਹਾੜੀ ਇਲਾਕੇ, ਜਿਸਦੇ ਨਾਲ ਲਗਦੇ ਹਿਮਾਚਲ ਪ੍ਰਦੇਸ਼ ਅਤੇ ਜੰਮੂ ਦੇ ਇਲਾਕੇ ਵਿੱਚ ਪਾਈ ਜਾਂਦੀ ਹੈ। ਇਸ ਨਸਲ ਦੇ ਗੁੱਜਰ ਲੋਕਾਂ ਕੋਲ ਪਾਈ ਜਾਂਦੀ ਹੈ। ਇਸ ਨੂੰ ਚਿੱਚੜ ਨਹੀਂ ਲਗਦੇ ਅਤੇ ਇਸ ਵਿੱਚ ਹਰ ਤਰ੍ਹਾਂ ਦਾ ਮੋਸਮ ਨੂੰ ਸਹਿਣ ਕਰਨ ਦੀ ਸ਼ਕਤੀ ਹੈ। ਉਪਰੋਕਤ ਸੰਸਥਾ ਦੇ ਨਿਰਦੇਸ਼ਕ ਅਨੁਸਾਰ ਇਸ ਨਸਲ ਦਾ ਭਾਰ ਲੱਗਭਗ 360 ਕਿੱਲੋ ਤੇ ਇਹ ਪ੍ਰਤੀਦਿਨ 4-6 ਕਿੱਲੋ ਦੁੱਧ ਪੈਦਾ ਕਰਦੀ ਹੈ। ਦੁੱਧ ਵਿੱਚ ਫੈਟ ਦੀ ਮਾਤਰਾ 7.5% ਹੁੰਦੀ ਹੈ ਤੇ ਇਸਦਾ ਪ੍ਰਜਨਣ ਸ਼ਕਤੀ ਵੀ ਵਧੀਆ ਹੈ। ਸਰੀਰ ਦਰਮਿਆਨਾ ਸਿੱਧਾ ਸਿਰ ਅਤੇ ਕਈ ਵਾਰ ਮੱਥੇ ਤੇ ਚਿੱਟੇ ਵਾਲ ਹੁੰਦੇ ਹਨ, ਸਿੰਗ ਭਾਰੇ ਅਤੇ ਦਰਮਿਆਨੇ, ਹੁੰਦੇ ਹਨ। ਇਹ ਗੁੱਜਰਾਂ ਦੇ ਨਿਰਵਾਹ ਅਤੇ ਅਮੀਰੀ ਦੀ ਨਿਸ਼ਾਨੀ ਵਜੋਂ ਮੰਨੀ ਜਾਂਦੀ ਹੈ। ਭੇਡ ਦੀ ਨਸਲ ਦਾ ਨਾਂ "ਕਾਜਲੀ" ਹੈ ਇਹ ਸੰਗਰੂਰ ਬਰਨਾਲਾ, ਲੁਧਿਆਣਾ, ਮੋਗਾ ਅਤੇ ਆਸ ਪਾਸ ਦੇ ਜਿਲ੍ਹਿਆਂ ਵਿੱਚ ਪਾਈ ਜਾਂਦੀ ਹੈ। ਇਹ ਦੋ ਰੰਗਾਂ ਦੀ ਹੁੰਦੀ ਹੈ, ਕਾਲੀ ਅਤੇ ਚਿੱਟੀ। ਕਾਲੀ ਕਾਜਲੀ ਭੇਡ ਦਾ ਰੰਗ ਕਾਲਾ ਜਾਂ ਕਾਲਾ-ਭੂਰਾ ਹੁੰਦਾ ਹੈ ਤੇ ਪੂਛ ਦਾ ਕੁੱਝ ਭਾਗ ਚਿੱਟਾ ਹੁੰਦਾ ਹੈ। ਚਿੱਟੀ ਕਾਜਲੀ ਭੇਡ ਦਾ ਰੰਗ ਚਿੱਟਾ ਅਤੇ ਮੂੰਹ ਅਤੇ ਕੰਨ ਕਾਲੇ ਜਾਂ ਭੂਰੇ ਹੁੰਦੇ ਹਨ। ਇਹ ਭੇਡ ਮੀਟ ਵਾਲੀ ਨਸਲ ਹੈ। ਇਹ ਭੇਡਾਂ ਜਿਆਦਾ ਕਰਕੇ ਚਰਾਦਾ ਤੇ ਹੀ ਪਾਈਆਂ ਜਾਂਦੀਆਂ ਹਨ। ਭੇਡੂ ਦਾ ਔਸਤਨ ਭਾਰ 56.98 ਕਿੱਲੋ ਅਤੇ ਭੇਡ ਦਾ ਭਾਰ 43.23 ਕਿੱਲੋ ਹੁੰਦਾ ਹੈ।

## ਦੁੱਧ ਉਤਪਾਦਨ ਵਿੱਚ ਗਾਂ ਨੇ ਕੀਤਾ ਨਵਾਂ ਰਿਕਾਰਡ ਸਥਾਪਿਤ

ਸ. ਬਲਦੇਵ ਸਿੰਘ ਵਾਸੀ ਪਿੰਡ ਗਾਲਿਬ ਖੇਰੀ, ਕਰਨਾਲ, ਹਰਿਆਣਾ ਦੀ ਵਲੈਤਣ ਗਾਂ (ਹੈਲਸਟੀਅਨ ਫਰੀਜੀਅਨ) "ਜੋਗਨ" ਨੇ ਇੱਕ ਦਿਨ ਵਿੱਚ 76.61 ਕਿਲੋ ਦੂਧ ਪੈਦਾ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਪਹਿਲਾ ਇਹ ਕੀਰਤੀਮਾਨ ਪੰਜਾਬ ਦੀ ਇੱਕ ਵਲੈਤਣ ਗਾਂ ਦੇ ਨਾਂ ਸੀ ਜਿਸ ਨੇ 72 ਕਿੱਲੋ ਦੁੱਧ ਇੱਕ ਦਿਨ ਵਿੱਚ ਦਿੱਤਾ ਸੀ। ਜੋਗਨ ਗਾਂ ਦਾ ਜਨਮ ਵਲੈਤ ਤੋਂ ਮੰਗਵਾਏ ਹੋਏ ਵੀਰਜ਼ ਨਾਲ ਹੋਇਆ। ਇਸ ਗਾਂ ਨੇ ਦੂਜੇ ਅਤੇ ਤੀਜੇ ਸੂਏ ਵਿੱਚ ਕ੍ਰਮਵਾਰ 54 ਕਿਲੋ ਅਤੇ 62 ਕਿਲੋ ਦੂਧ ਦਿੱਤਾ ਸੀ। ਇਸ ਗਾਂ ਨੇ ਪੰਜਾਬ ਅਤੇ ਹਰਿਆਣਾ ਵਿੱਚ ਬਹੁਤ ਸਾਰੇ ਇਨਾਮ ਜਿੱਤੇ ਹੋਏ ਹਨ।

ਸ੍ਰੋਤ: ਹਿੰਦੂਸਤਾਨ ਟਾਇਮਜ਼

## ਪੰਜਾਬ ਵਿੱਚ ਹੋਈ ਬਾਹਰੋ ਮੰਗਵਾਏ ਸੂਰਾਂ ਦੀ ਆਮਦ

ਭਾਰਤ ਦੇ ਪਸ਼ੂ ਪਾਲਣ ਡੇਅਰੀ ਅਤੇ ਮੱਛੀ ਪਾਲਣ ਮੰਤਰਾਲੇ ਦੁਆਰਾ ਕੋਮੀ ਲਾਇਵਸਟਾਕ ਮਿਸ਼ਨ ਅਧੀਨ ਬਾਹਰੋ ਮੰਗਵਾਏ ਹੋਏ ਸੂਰ ਪੰਜਾਬ ਨੂੰ ਸੁਪਰਦ ਕਰ ਦਿੱਤੇ ਹਨ। ਵਰਨਣਯੋਗ ਹੈ ਇਹ ਸੂਰ ਭਾਰਤ ਦੇ ਉੱਤਰੀ-ਪੂਰਬੀ ਰਾਜਾਂ ਵਿੱਚ ਸੂਰ ਪਾਲਣ ਦੇ ਕਿੱਤੇ ਨੂੰ ਹੋਰ ਪ੍ਰਫਲਿੱਤ ਕਰਨ ਲਈ ਮੰਗਵਾਏ ਗਏ ਸਨ, ਪਰ ਇਹਨਾਂ ਰਾਜਾਂ ਵਿੱਚ ਅਫਰੀਕਨ ਸਵਾਈਨ ਫੀਵਰ ਬਿਮਾਰੀ ਆਉਣ ਕਰਕੇ ਭਾਰਤ ਸਰਕਾਰ ਨੇ ਇਹ ਸੂਰ ਦੇਖਭਾਲ ਲਈ ਪੰਜਾਬ ਨੂੰ ਸੌਂਪ ਦਿੱਤੇ ਹਨ। ਇਸ ਦੇ ਇਵਜ ਵਿੱਚ ਪੰਜਾਬ ਨੂੰ ਸਾਰੀਆਂ ਸੂਰੀਆਂ ਦੇ ਪਹਿਲੇ ਸੂਏ ਦੇ 50% ਬੱਚੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਨਰ ਸੂਰਾਂ ਦਾ ਵੀਰਜ਼, ਪੰਜਾਬ ਵਿੱਚ ਮਸਨੂਈ ਗਰਭਦਾਨ ਰਾਹੀਂ ਸੂਰੀਆਂ ਨੂੰ ਗੱਭਣ ਕਰਨ ਲਈ ਤੇ ਨਸਲ ਸੁਧਾਰ ਲਈ ਵਰਤਿਆ ਜਾਵੇਗਾ। ਇਹ ਬਾਹਰੋ ਮੰਗਵਾਏ ਸੂਰ ਤਿੰਨ ਨਸਲਾਂ ਦੇ ਹਨ ਹੈਪਸਾਇਰ, ਲੈਂਡਰੇਸ ਅਤੇ ਵਾਈਟ ਯਾਰਕਸ਼ਾਇਰ। ਡਾ. ਇੰਦਰਜੀਤ ਸਿੰਘ ਉਪ-ਕੁਲਪਤੀ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਇਸ ਉੱਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਇਸ ਨਾਲ ਪੰਜਾਬ ਵਿੱਚ ਸੂਰ ਪਾਲਣ ਕਿੱਤੇ ਨੂੰ ਹੋਰ ਹੱਲਾਸ਼ੇਰੀ ਮਿਲੇਗੀ ਤੇ ਇਹ ਹੋਰ ਪ੍ਰਫੁਲਿਤ ਹੋਵੇਗਾ। ਵਰਨਣਯੋਗ ਹੈ ਕਿ ਡਾ. ਇੰਦਰਜੀਤ ਸਿੰਘ ਜੋ ਪਹਿਲਾਂ ਪਸ਼ੂ ਪਾਲਣ ਵਿਭਾਗ ਪੰਜਾਬ ਦੇ ਨਿਰਦੇਸ਼ਕ ਸਨ ਅਤੇ ਆਪ ਜੀ ਦੇ ਨਿਰਦੇਸ਼ਕ ਹੁੰਦਿਆਂ ਹੋਇਆਂ ਯਤਨਾ ਸਦਕਾ ਹੀ ਪੰਜਾਬ ਨੂੰ ਇਹਨਾਂ ਵਲਾਇਤੀ ਸੂਰਾਂ ਨੂੰ ਸੰਭਾਲਣ ਦੀ ਜਿੰਮੇਵਾਰੀ ਮਿਲੀ ਹੈ।

## ਲਵੇਰੀ ਦੇ ਸੂਣ ਸਮੇਂ ਸਾਵਧਾਨੀਆਂ

1. ਕਿਸੇ ਖਾਸ ਮਹੀਨੇ ਵਿਚ ਸੂਣ ਵਾਲੀਆਂ ਸਾਰੀਆਂ ਲਵੇਰੀਆਂ ਦੀ ਲਿਸਟ ਬਣਾ ਕੇ ਕਿਸੇ ਉਚਿਤ ਜਗ੍ਹਾ ਤੇ ਚਿਪਕਾ ਦਿਓ।
2. ਗਰਭਕਾਲ ਦੇ ਨੇੜੇ ਜਾਂ ਪੂਰਾ ਕਰ ਚੁੱਕੀਆਂ ਲਵੇਰੀਆਂ ਨੂੰ ਰੋਜ ਸਵੇਰੇ ਅਤੇ ਸੌਂਣ ਤੋਂ ਲੱਗਭਗ ਦੋ ਘੰਟੇ ਪਹਿਲਾਂ ਸੂਣ ਦੀ ਪ੍ਰੀਕ੍ਰਿਆ ਸ਼ੁਰੂ ਹੋਣ ਲਈ ਤੱਕੋ ।
3. ਸੂਣ ਲਈ ਤਿਆਰ ਲਵੇਰੀ ਪੁੜੇ ਤੋੜ ਲੈਂਦੀ ਹੈ। ਲੇਵਾ, ਦੁੱਧ ਨਾਲ ਭਰਿਆ ਹੋਇਆ ਅਤੇ ਸੂਅ ਸੁਜੀ ਹੋਈ ਜਾਪਦੀ ਹੈ। ਸੂਅ ਵਿਚੋਂ ਲੇਸਦਾਰ ਰਿਸਾਵ ਸ਼ੁਰੂ ਹੋ ਜਾਂਦਾ ਹੈ। ਲਵੇਰੀ ਉਠਣਾ ਬੈਠਣਾ ਸ਼ੁਰੂ ਕਰ ਦਿੰਦੀ ਹੈ। ਇਹਨਾਂ ਨਿਸ਼ਾਨੀਆਂ ਤੋਂ ਸਮਝ ਲਓ ਕਿ ਲਵੇਰੀ ਸੂਣ ਵਾਲੀ ਹੈ। ਕੁਝ ਸਮੇਂ ਵਿਚ ਹੀ ਸੂਅ ਵਿਚੋਂ ਮਟਿਆਂਡੀ ਨਜਰ ਆਉਂਦੀ ਹੈ। ਮਟਿਆਂਡੀ ਆਉਂਣ ਤੋਂ 20 ਕੁ ਮਿੰਟਾਂ ਵਿਚ ਕਟੜੂ/ਵਛੜੂ ਸੂਅ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ। ਇਸਤੋਂ ਜਿਆਦਾ ਸਮਾਂ ਲੱਗਣ ਤੇ ਡਾਕਟਰੀ ਸਹਾਇਤਾ ਦੀ ਲੋੜ ਪਵੇਗੀ।
4. ਸੁਆਈ ਵਾਲਾ ਕਮਰਾ ਜਾਂ ਖੁੱਲੀ ਜਗ੍ਹਾ ਹਰ ਹਾਲਤ ਵਿਚ ਸਾਫ-ਸੁਥਰੀ, ਤਿਲਕਣ ਰਹਿਤ ਹੋਣੀ ਚਾਹੀਦੀ ਹੈ। ਕੋਲ ਹੀ ਸਾਫ ਪਾਣੀ ਦਾ ਸਰੋਤ ਹੋਣਾ ਵੀ ਲਾਜ਼ਮੀ ਹੈ। ਰਾਤ ਦੇ ਸਮੇਂ ਚੰਗੀ ਰੋਸ਼ਨੀ ਦਾ ਪ੍ਰਬੰਧ ਵੀ ਚਾਹੀਦਾ ਹੈ।
5. ਸੁਆਈ ਲਈ ਵਰਤਿਆ ਜਾਣ ਵਾਲਾ ਸਮਾਨ ਵੀ ਸਾਫ ਅਤੇ ਕਿਟਾਣੂ ਰਹਿਤ ਚਾਹੀਦਾ ਹੈ। ਇਸ ਸਮੇਂ ਇੱਕ ਸਾਫ ਮੂਹਰੀ, ਇੱਕ ਲੰਬੀ ਰੱਸੀ, ਸੂਤ ਜਾਂ ਸੇਬੇ ਦੀਆਂ ਨਰਮ ਰੱਸੀਆਂ (ਘੱਟੋ-ਘੱਟ ਚਾਰ), ਪਾਈਪ, ਦੋ ਬਾਲਟੀਆਂ, ਸਾਬਣ, ਲੇਸਦਾਰ ਤਰਲ (ਲੀਸਾਪੋਲ, ਤਿਲ ਜਾਂ ਅਲਸੀ ਦਾ ਤੇਲ ਆਦਿ), ਬੀਟਾਡੀਨ ਜਾਂ ਟਿੰਕਚਰ ਆਇਓਡੀਨ, ਸਾਫ ਧਾਗਾ, ਕਿਟਾਣੂ-ਰਹਿਤ ਕੈਂਚੀ ਆਦਿ ਦੀ ਲੋੜ ਪੈ ਸਕਦੀ ਹੈ।
6. ਸੂਣ ਉਪਰੰਤ ਚੈੱਕ ਕਰ ਲਵੋ ਕਿ ਕਟੜੂ/ਵਛੜੂ ਸਾਂਹ ਲੈਣ ਲੱਗ ਪਿਆ ਹੈ। ਨਹੀਂ ਤਾਂ ਉਸਦੀਆਂ ਨਾਸਾਂ ਸਾਫ ਕਰਕੇ ਛਾਤੀ ਉਪਰ ਹੱਥ ਫੇਰੋ। ਸਾਫ ਬੋਰੀ ਜਾਂ ਕੱਪੜੇ ਨਾਲ ਸਰੀਰ ਨੂੰ ਰੱਗੜੋ। ਸਾਂਹ ਫਿਰ ਵੀ ਨਾ ਚੱਲਣ 'ਤੇ ਪਿਛਲੀਆਂ ਲੱਤਾਂ ਉਤਾਂਹ ਨੂੰ ਚੁੱਕ ਕੇ ਛਾਤੀ ਨੂੰ ਹੋਲੀ ਹੋਲੀ ਦਬਾਉਣਾ ਚਾਹੀਦਾ ਹੈ।
7. ਨਾੜੂਆ ਸਾਫ ਪਾਣੀ ਨਾਲ ਧੋ ਕੇ ਸਰੀਰ ਤੋਂ ਲੱਗਭਗ ਚਾਰ ਇੰਚ ਛੱਡ ਕੇ ਧਾਗੇ ਨਾਲ ਬੰਨ ਦਿਓ ਅਤੇ ਫਾਲਤੂ ਦਾ ਨਾੜੂਆ ਕੈਂਚੀ ਨਾਲ ਕੱਟ ਦਿਓ। ਕੁਝ ਦਿਨਾਂ ਲਈ ਬੀਟਾਡੀਨ ਜਾਂ ਟਿੰਕਚਰ ਲਗਾਉਣ ਨਾਲ ਉਹ ਬਿਲਕੁੱਲ ਸੁੱਕ ਜਾਵੇਗਾ।



ਡਾ. ਰਾਕੇਸ਼ ਕੁਮਾਰ ਸ਼ਰਮਾ

# ਡਾ. ਇੰਦਰਜੀਤ ਸਿੰਘ, ਉਪਕੁਲਪਤੀ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਬਰਨਾਲਾ ਦਾ ਦੌਰਾ

ਪਿਛਲੇ ਦਿਨੀ ਡਾ. ਇੰਦਰਜੀਤ ਸਿੰਘ ਉੱਪ-ਕੁਲਪਤੀ, ਗੁਰੂ ਅੰਗਦ ਦੇਵ ਵੈਟਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਹੰਡਿਆਇਆ ਬਰਨਾਲਾ ਵਿਖੇ ਇੱਕ ਰੋਜ਼ਾ ਦੌਰਾ ਕੀਤਾ ਗਿਆ।

ਇਸ ਦੌਰੇ ਦੌਰਾਨ ਉਨ੍ਹਾਂ ਨੇ ਕ੍ਰਿਸ਼ੀ ਵਿਗਿਆਨ ਕੇਂਨਰ ਬਰਨਾਲਾ ਵੱਲੋਂ ਕਿਸਾਨ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦਾ ਜਾਇਜ਼ਾ ਲਿਆ ਤੇ ਕੇਂਦਰ ਵਿਖੇ ਸਥਾਪਿਤ ਵੱਖ-ਵੱਖ ਪ੍ਰਦਰਸ਼ਨੀ ਇਕਾਈਆਂ ਦਾ ਦੌਰਾ ਵੀ ਕੀਤਾ ਤੇ ਆਪਣੇ ਅਹਿਮ ਸੁਝਾਅ ਦਿੱਤੇ। ਕੇਂਦਰ ਦੇ ਐਸੋਸੀਏਟ ਡਾਇਰੈਕਟਰ ਨੇ ਇਸ ਦੌਰੇ ਤੇ ਉਚੇਚੇ ਤੌਰ 'ਤੇ ਪਹੁੰਚੇ ਮਾਨਯੋਗ ਡਾ. ਇੰਦਰਜੀਤ ਸਿੰਘ, ਉੱਪ-ਕੁਲਪਤੀ, ਗੁਰੂ ਅੰਗਦ ਦੇਵ ਵੈਟਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ, ਡਾ. ਹਰੀਸ਼ ਕੁਮਾਰ ਵਰਮਾ, ਨਿਰਦੇਸ਼ਕ ਪਸਾਰ ਸਿੱਖਿਆ, ਡਾ. ਜਤਿੰਦਰ ਪਾਲ ਸਿੰਘ ਗਿੱਲ, ਨਿਰਦੇਸ਼ਕ ਖੋਜ ਤੇ ਡਾ. ਸਤਿਆਵਾਨ ਰਾਮਪਾਲ, ਨਿਰਦੇਸ਼ਕ ਵਿਦਿਆਰਥੀ ਭਲਾਈ ਕਮ ਮਿਲਖ ਅਫ਼ਸਰ ਦਾ ਕ੍ਰਿਸ਼ੀ ਵਿਗਿਆਨ ਕੇਂਦਰ ਹੰਡਿਆਇਆ ਜ਼ਿਲ੍ਹਾ ਬਰਨਾਲਾ ਵਿਖੇ ਪਹੁੰਚਣ ਤੇ ਹਾਰਦਿਕ ਸਵਾਗਤ ਕੀਤਾ। ਉੱਪ-ਕੁਲਪਤੀ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਹੰਡਿਆਇਆ ਵਿਖੇ ਹਾਲ ਹੀ 'ਚ ਸਥਾਪਿਤ ਗ੍ਰਹਿ ਵਿਗਿਆਨ ਪ੍ਰਯੋਗਸ਼ਾਲਾ, ਫੁਹਾਰ ਸਿੰਚਾਈ ਵਿਧੀ ਤੇ ਨਵੇ ਖਰੀਦੇ ਟਰੈਕਟਰ ਦਾ ਵੀ ਉਦਘਾਟਨ ਕੀਤਾ ਤੇ ਕੇਂਦਰ ਹੰਡਿਆਇਆ ਵੱਲੋਂ ਲਾਈ ਪ੍ਰਦਸ਼ਨੀ ਦਾ ਵੀ ਦੌਰਾ ਕੀਤਾ। ਇਸ ਸਮੇਂ ਡਾ. ਇੰਦਰਜੀਤ ਵੱਲੋਂ ਵਾਤਾਵਰਨ ਨੂੰ ਸਾਫ ਰੱਖਣ ਦਾ ਸੰਦੇਸ਼ ਦਿੰਦੇ ਹੋਏ ਇੱਕ ਪੌਦਾ ਕ੍ਰਿਸ਼ੀ ਵਿਗਿਆਨ ਕੇਂਦਰ ਹੰਡਿਆਇਆ ਵਿਖੇ ਲਗਾਇਆ ਗਿਆ। ਇਸ ਉਪਰੰਤ ਕੇਂਦਰ ਹੰਡਿਆਇਆ ਵਿਖੇ ਸਥਾਪਿਤ ਮਿੱਟੀ, ਪਾਣੀ ਤੇ ਪਸ਼ੂ ਜਾਂਚ ਪ੍ਰਯੋਗਸ਼ਾਲਾ ਦਾ ਵੀ ਨਿਰੀਖਣ ਕੀਤਾ ਤੇ ਬਰਨਾਲਾ ਜ਼ਿਲ੍ਹਾ ਦੇ ਮਿੱਟੀ 'ਚ ਸੰਭਾਵਿਤ ਸੁਧਾਰ ਲਈ ਸੁਝਾਅ ਦਿੱਤੇ। ਉਨ੍ਹਾਂ ਕ੍ਰਿਸ਼ੀ ਵਿਗਿਆਨ ਕੇਂਦਰ ਹੰਡਿਆਇਆ ਤੋਂ ਵੱਖ-ਵੱਖ ਟ੍ਰੇਨਿੰਗਾਂ ਪ੍ਰਾਪਤ ਕਰ ਚੁੱਕੇ ਪ੍ਰੋਗਰੈਸਿਵ ਕਿਸਾਨ ਤੇ ਕਿਸਾਨ ਮਹਿਲਾਵਾਂ ਨਾਲ ਵਾਰਤਾਲਾਪ ਕੀਤੀ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੇਸ਼ 'ਚ ਕਿਸਾਨਾਂ ਨੂੰ ਅਗਾਂਹਵਧੂ ਬਣਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰਾਂ ਦਾ ਬਹੁਤ ਵੱਡਾ ਯੋਗਦਾਨ ਹੈ ਤੇ ਕਿਸਾਨਾਂ ਦੀ ਸੇਵਾ ਲਈ ਕੇ ਵੀ ਕੇ, ਹੰਡਿਆਇਆ (ਬਰਨਾਲਾ) ਹਰ ਸਮੇਂ ਤਤਪਰ ਰਹੇਗਾ।








## ਪੀ.ਐਮ. ਕਿਸਾਨ ਸਮਾਨ ਨਿਧੀ ਯੋਜਨਾ ਅਤੇ ਐਗਰੀ ਇੰਨਫਰਾ ਫੰਡ

ਗੁਰ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਅਤੇ ਨਿਰਦੇਸ਼ਾਲਾ ਪ੍ਰਸਾਰ ਸਿੱਖਿਆ ਅਧੀਨ ਕੰਮ ਕਰਦੇ ਕ੍ਰਿਸ਼ੀ ਵਿਗਿਆਨ ਕੇਂਦਰ, ਤਰਨਤਾਰਨ, ਬਰਨਾਲਾ ਅਤੇ ਮੋਹਾਲੀ ਨੇ ਪੀ.ਐਮ. ਕਿਸਾਨ ਨਿਧੀ ਯੋਜਨਾ ਅਤੇ ਐਗਰੀ ਇੰਨਫਰਾ ਫੰਡ ਦੀ ਸ਼ੁਰੂਆਤ ਜਿਹੜੀ ਕਿ 9 ਅਗਸਤ ਨੂੰ ਹੋਈ ਵਿੱਚ ਕਿਸਾਨ, ਸਵਾਣੀਆ ਅਤੇ ਯੂਨੀਵਰਸਿਟੀ ਦੇ ਕੇ.ਵੀ.ਕੇ ਦੇ ਸਟਾਫ ਨੇ ਭਾਗ ਲਿਆ। ਜਿਸ ਵਿੱਚ ਚਾਰ ਟਵਿਟਰ ਹੈਂਡਲਾਂ ਤੋਂ ਆਤਮ ਨਿਰਭਰ ਕ੍ਰਿਸ਼ੀ ਪ੍ਰੋਗਰਾਮ ਵਿੱਚ ਟਵੀਟ ਕੀਤੇ ਗਏ।




## ਯੂਨੀਵਰਸਿਟੀ ਦੀ ਸੋਚ ਅਤੇ ਕਾਰਗੁਜ਼ਾਰੀ

ਯੂਨੀਵਰਸਿਟੀ ਵੱਲੋ ਗਿਆਨ → ਗਿਆਨ ਭਰਪੂਰ ਕਿਸਾਨ → ਸਾਥੀਆਂ ਨੂੰ ਵੰਡਦਾ ਗਿਆਨ → ਵੱਧ ਤੇ ਵਧੀਆ ਉਤਪਾਦ → ਖੁਸ਼ਹਾਲ ਤੇ ਸਿਹਤਮੰਦ ਸਮਾਜ

# ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ




ਵਧੇਰੇ ਜਾਣਕਾਰੀ ਲਈ :



website : www.gadvasu.in

## ਯੂਨੀਵਰਸਿਟੀ ਵੱਲੋਂ ਵਿਕਸਿਤ ਤਕਨੀਕਾਂ ਅਤੇ ਪਸ਼ੂ ਪਾਲਣ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਯੂਨੀਵਰਸਿਟੀ ਦਾ ਯੂਟਿਊਬ ਚੈਨਲ ਸਬਸਕਰਾਇਬ ਕਰੋ।

youTube channel : GADVASU farmer friendly e-extension

Link : https://www.youtube.com/channel/UC9AjRDWL7cNb36fwp5mN6Zg